ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

*Since April 2005* Editor : Sharanjit Singh Thind *Weekly*

**Vol. 20 Issue 37** Friday November 5 to November 12, 2021 **www.PUNJABIDUNIYA.com** **Published Weekly from New York**






# ਕੈਪਟਨ ਦਾ ਕਾਂਗਰਸ ਤੋਂ ਅਸਤੀਫ਼ਾ

## 'ਤੁਸੀਂ ਮੇਰੇ ਨਾਲ 1975 ਦੀ ਐਮਰਜੈਂਸੀ ਵਰਗੀ ਸਰਕਸ ਕੀਤੀ'



### ਸਿੱਧੂ ਨੂੰ ਰਾਹੁਲ ਅਤੇ ਪ੍ਰਿਅੰਕਾ ਦਾ ਸਾਥ

ਸਿੱਧੂ ਦੀ ਪ੍ਰਸਿੱਧੀ ਦਾ ਇੱਕੋ-ਇੱਕ ਕਾਰਨ ਇਹ ਸੀ ਕਿ ਉਹ ਲਗਾਤਾਰ ਮੈਨੂੰ ਅਤੇ ਮੇਰੀ ਸਰਕਾਰ ਨੂੰ ਨਿਸ਼ਾਨਾ ਬਣਾ ਰਹੇ ਸੀ।
ਮੈਂ ਉਨ੍ਹਾਂ ਦੀ ਪਿਤਾ ਦੀ ਉਮਰ ਦਾ ਹਾਂ ਪਰ ਫਿਰ ਵੀ ਉਨ੍ਹਾਂ ਨੇ ਨਿੱਜੀ ਅਤੇ ਜਨਤਕ ਤੌਰ ̈ਤੇ ਮੇਰੇ ਖ਼ਿਲਾਫ਼ ਮਾੜੀ ਸ਼ਬਦਾਵਲੀ ਦੀ ਵਰਤੋਂ ਕਰਨੀ ਨਹੀਂ ਛੱਡੀ।
ਬਦਕਿਸਮਤੀ ਨਾਲ ਉਨ੍ਹਾਂ @ਤੇ ਲਗਾਮ ਲਗਾਉਣ ਦੀ ਬਜਾਇ ਉਨ੍ਹਾਂ ਨੂੰ ਰਾਹੁਲ ਅਤੇ ਪ੍ਰਿਅੰਕਾ ਦਾ ਸਮਰਥਨ ਮਿਲਿਆ।


ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਨਵੀਂ ਪਾਰਟੀ ਦਾ ਐਲਾਨ ਕਰ ਦਿੱਤਾ ਹੈ।
ਉਨ੍ਹਾਂ ਨੇ ਆਪਣੀ ਨਵੀਂ ਪਾਰਟੀ ਦਾ ਨਾਮ @ਪੰਜਾਬ ਲੋਕ ਕਾਂਗਰਸ@ ਦੱਸਿਆ ਹੈ।
ਇਸ ਦੇ ਨਾਲ ਹੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਤੋਂ ਰਸਮੀਂ ਤੌਰ ਤੇ ਅਸਤੀਫ਼ਾ ਦੇ ਦਿੱਤਾ ਹੈ।
ਕੈਪਟਨ ਨੇ ਆਪਣੇ ਟਵਿੱਟਰ ਤੇ ਜਾਣਕਾਰੀ ਦਿੰਦਿਆਂ ਕਿਹਾ, ਮੈਂ ਆਪਣਾ ਅਸਤੀਫ਼ਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜ ਦਿੱਤਾ

**ਬਾਕੀ ਸਫ਼ਾ 13 'ਤੇ**

N Light
Solid like a Rock
**Insurance**
Tel : 516 NLIGHT 8 (516 654 4488)

# ਟਾਈਟਲਰ ਦੀ ਨਿਯੁਕਤੀ 'ਤੇ ਮੁੱਖ ਮੰਤਰੀ ਚੰਨੀ ਅਤੇ ਅੰਬਿਕਾ ਸੋਨੀ ਨੂੰ ਦੇਣਾ ਚਾਹੀਦੈ ਜਵਾਬ - ਜਾਖੜ

ਚੰਡੀਗੜ੍ਹ- ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਦਿੱਲੀ ਕਾਂਗਰਸ 'ਚ 1984 ਦੰਗਿਆਂ ਦੇ ਮੁਲਜ਼ਮ ਜਗਦੀਸ਼ ਟਾਈਟਲਰ ਦੀ ਨਿਯੁਕਤੀ ਨੂੰ ਬੇਹੱਦ ਸੰਵੇਦਨਸ਼ੀਲ ਮੁੱਦਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੇ ਸੰਵੇਦਨਸ਼ੀਲ ਮੁੱਦੇ 'ਤੇ ਕੋਈ ਵੀ ਫ਼ੈਸਲਾ ਰਾਏਸ਼ੁਮਾਰੀ ਤੋਂ ਬਾਅਦ ਹੀ ਲਿਆ ਗਿਆ ਹੋਵੇਗਾ। ਬੀਤੇ ਦਿਨੀਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੀਨੀਅਰ ਨੇਤਾ ਅੰਬਿਕਾ ਸੋਨੀ ਰਾਹੁਲ ਗਾਂਧੀ ਦੇ ਨਾਲ ਲਗਾਤਾਰ ਬੈਠਕਾਂ ਕਰ ਰਹੇ ਹਨ ਤਾਂ ਜਗਦੀਸ਼ ਟਾਈਟਲਰ ਵਰਗੇ ਸੰਵੇਦਨਸ਼ੀਲ ਮੁੱਦੇ 'ਤੇ ਫ਼ੈਸਲਾ ਕਰਨ ਤੋਂ ਪਹਿਲਾਂ ਪੱਕੇ ਤੌਰ 'ਤੇ ਦੋਵਾਂ ਨੂੰ ਭਰੋਸੇ 'ਚ ਲਿਆ ਗਿਆ ਹੋਵੇਗਾ, ਅਜਿਹਾ ਉਨ੍ਹਾਂ ਦਾ ਮੰਨਣਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚੰਨੀ ਅਤੇ ਅੰਬਿਕਾ ਸੋਨੀ ਲਗਾਤਾਰ ਦੂਜੇ ਦਿਨ ਰਾਹੁਲ ਗਾਂਧੀ ਦੇ ਨਾਲ ਬੈਠਕ ਕਰ ਰਹੇ ਹਨ ਤਾਂ ਜਗਦੀਸ਼ ਟਾਈਟਲਰ ਦੀ ਨਿਯੁਕਤੀ 'ਤੇ ਸੋਨੀ ਅਤੇ ਮੁੱਖ ਮੰਤਰੀ ਚੰਨੀ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਦੋਵਾਂ ਤੋਂ ਹਾਈਕਮਾਨ ਨੇ ਕੀ ਸਲਾਹ ਲਈ ਸੀ, ਜਦੋਂ ਟਾਈਟਲਰ ਨੂੰ ਨਿਯੁਕਤ ਕੀਤਾ ਜਾ ਰਿਹਾ ਸੀ। ਪੰਜਾਬ ਦੇ ਅਹਿਮ ਫ਼ੈਸਲਿਆਂ 'ਚ ਇਨ੍ਹੀਂ ਦਿਨੀਂ ਅੰਬਿਕਾ ਸੋਨੀ ਦਾ ਲਗਾਤਾਰ ਦਖਲ ਬਰਕਰਾਰ ਹੈ। ਪੰਜਾਬ ਦੇ ਕਈ ਕਾਂਗਰਸੀ ਨੇਤਾ ਤਾਂ ਉਨ੍ਹਾਂ ਨੂੰ ਅਣ-ਐਲਾਨਿਆ ਪੰਜਾਬ ਇੰਚਾਰਜ ਮੰਨਣ ਲੱਗੇ ਹਨ, ਕਿਉਂਕਿ ਕੈਪਟਨ ਤੋਂ ਬਾਅਦ ਮੁੱਖ ਮੰਤਰੀ ਦੀ ਨਿਯੁਕਤੀ ਦੇ ਸਮੇਂ ਉਨ੍ਹਾਂ ਨਾਲ ਕਾਫ਼ੀ ਸਲਾਹ-ਮਸ਼ਵਰਾ ਕੀਤਾ ਗਿਆ ਸੀ।



ਜ਼ਿਕਰਯੋਗ ਹੈ ਕਿ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ 'ਚ ਜਗਦੀਸ਼ ਟਾਈਟਲਰ ਨੂੰ ਜਗ੍ਹਾ ਦਿੱਤੀ ਗਈ ਹੈ, ਜਿਸ 'ਤੇ ਹੁਣ ਵਿਵਾਦ ਛਿੜ ਗਿਆ। ਦਰਅਸਲ ਕਾਂਗਰਸ ਦੀ ਦਿੱਲੀ ਇੱਕਾਈ ਦੀ ਨਵੀਂ ਕਾਰਜਕਾਰਨੀ ਦਾ ਗਠਨ ਕੀਤਾ ਗਿਆ। ਇਸ 'ਚ ਜਗਦੀਸ਼ ਟਾਈਟਲਰ ਦਾ ਨਾਂ ਵੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਟਾਈਟਲਰ ਦਾ ਨਾਂ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਸਿਲਸਿਲੇ 'ਚ ਸਾਹਮਣੇ ਆਇਆ ਸੀ। ਟਾਈਟਲਰ 'ਤੇ ਦੋਸ਼ ਲੱਗਦੇ ਰਹੇ ਹਨ ਕਿ ਉਸ ਨੇ 1984 'ਚ ਲੋਕਾਂ ਨੂੰ ਸਿੱਖ ਵਿਰੋਧੀ ਦੰਗਿਆਂ ਦੌਰਾਨ ਭੜਕਾਇਆ ਸੀ। ਟਾਈਟਲਰ ਦੇ ਨਾਲ ਹੀ ਸਾਬਕਾ ਪ੍ਰਦੇਸ਼ ਕਾਂਗਰਸ ਪ੍ਰਧਾਨ ਜੇ .ਪੀ. ਅਗਰਵਾਲ, ਸਾਬਕਾ ਰਾਸ਼ਟਰੀ ਸਕੱਤਰ ਜਨਾਰਦਨ ਦਿਵੇਦੀ ਅਤੇ ਸਾਬਕਾ ਕੇਂਦਰੀਆਂ ਕਪਿਲ ਸਿੱਬਲ, ਅਜੇ ਮਾਕਨ ਅਤੇ ਕ੍ਰਿਸ਼ਨਾ ਤੀਰਥ ਨੂੰ ਵੀ ਜਗ੍ਹਾ ਦਿੱਤੀ ਗਈ ਹੈ। ਜਗਦੀਸ਼ ਸਮੇਤ ਇਨ੍ਹਾਂ ਨੇਤਾਵਾਂ ਦੀ ਨਿਯੁਕਤੀ ਦਾ ਆਦੇਸ਼ ਕਾਂਗਰਸ ਜਨਰਲ ਸਕੱਤਰ ਕੇ. ਸੀ. ਵੇਨੂੰਗੋਪਾਲ ਵਲੋਂ ਜਾਰੀ ਕੀਤਾ ਗਿਆ। ਇਸ ਦੇ ਅਧੀਨ 87 ਨੇਤਾਵਾਂ ਨੂੰ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ 'ਚ ਮੈਂਬਰ ਦੇ ਤੌਰ 'ਤੇ ਸ਼ਾਮਲ ਕੀਤਾ ਗਿਆ ਹੈ।

# ਪੰਜਾਬ 'ਚ ਗੈਂਗਸਟਰਾਂ ਦਾ ਰਾਜ ਨਹੀਂ ਵੱਧਣ ਦੇਵਾਂਗੇ - ਰੰਧਾਵਾ

ਜਲੰਧਰ -ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਜਿਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਹੈ, ਨੇ ਕਿਹਾ ਹੈ ਕਿ ਪੰਜਾਬ ਸਰਕਾਰ ਕਿਸੇ ਵੀ ਕੀਮਤ 'ਤੇ ਸੂਬੇ ਵਿੱਚ ਗੈਂਗਸਟਰ ਰਾਜ ਨੂੰ ਵੱਧਣ-ਫ਼ੁੱਲਣ ਨਹੀਂ ਦੇਵੇਗੀ। ਰੰਧਾਵਾ ਨੇ ਬਾਬਾ ਬੁੱਢਾ ਸਾਹਿਬ ਜੀ (ਕੱਥੂਨੰਗਲ) ਸਥਿਤ



ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਪੰਜਾਬ ਦੀ ਸਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਸੁਰੱਖ਼ਿਆ ਲਈ ਲੋਕਾਂ ਪ੍ਰਤੀ ਵਚਨਬੱਧ ਹੈ ਅਤੇ ਇਸ ਵਲ ਪੂਰਾ ਧਿਆਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਸੂਬੇ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਸਮਰੱਥ ਹੈ, ਜਿਸ ਨੇ ਸੂਬੇ ਵਿੱਚ ਅਤਿਵਾਦ ਨੂੰ ਕਾਬੂ ਕਰਕੇ ਰਿਕਾਰਡ ਕਾਇਮ ਕੀਤਾ ਹੈ।

ਰੰਧਾਵਾ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਲੋਕਾਂ ਨੂੰ ਸ਼ਾਂਤੀ ਭੰਗ ਕਰਨ ਵਾਲੇ ਅਨਸਰਾਂ ਦੀ ਸ਼ਨਾਖਤ ਕਰ ਕੇ ਆਉਣ ਵਾਲੀਆਂ ਚੋਣਾਂ ਵਿੱਚ ਉਨ੍ਹਾਂ ਨੂੰ ਖ਼ਤਮ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਲੱਖਾਂ ਕੁਰਬਾਨੀਆਂ ਦੇ ਕੇ ਪੰਜਾਬ ਵਿੱਚ ਅਮਨ-ਸ਼ਾਂਤੀ ਬਹਾਲ ਹੋਈ ਹੈ। ਪੰਜਾਬ ਵਿੱਚ ਅਤਿਵਾਦ ਦਾ ਜ਼ਿਕਰ ਕਰਦਿਆਂ ਉੱਪ ਮੁੱਖ ਮੰਤਰੀ ਨੇ ਕਿਹਾ ਕਿ ਉਸ ਸਮੇਂ ਸਰਹੱਦ ਪਾਰੋਂ ਅਤਿਵਾਦੀਆਂ ਦੀ ਘੁਸਪੈਠ ਨੂੰ ਪੰਜਾਬ ਪੁਲੀਸ ਵਲੋਂ ਕਾਬੂ ਕੀਤਾ ਗਿਆ ਸੀ ਅਤੇ ਉਸ ਸਮੇਂ ਸਰਹੱਦ 'ਤੇ ਤਾਇਨਾਤ ਬੀ. ਐੱਸ. ਐੱਫ਼. ਨੇ ਪੰਜਾਬ ਪੁਲੀਸ ਨਾਲ ਪੂਰਾ ਤਾਲਮੇਲ ਕਾਇਮ ਕਰ ਕੇ ਸ਼ਾਂਤੀ ਬਹਾਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਪੀਸ ਪੂਰੀ ਦੁਨੀਆਂ ਵਿੱਚ ਅਜਿਹੀ ਪੁਲੀਸ ਫ਼ੋਰਸ ਹੈ, ਜਿਸ ਨੇ ਅਤਿਵਾਦ ਨੂੰ ਕਾਬੂ ਕਰਨ ਦਾ ਰਿਕਾਰਡ ਬਣਾਇਆ ਹੈ। ਦੁਨੀਆਂ ਵਿੱਚ ਕਿਤੇ ਵੀ ਅਤਿਵਾਦ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨਵੀਂ ਸਰਕਾਰ ਦੀ ਤਰਜੀਹ ਸੁਰੱਖ਼ਿਆ ਨੂੰ ਹਰ ਕੀਮਤ 'ਤੇ ਬਰਕਰਾਰ ਰੱਖਣਾ ਹੈ ਅਤੇ ਸੁਰੱਖ਼ਿਆ ਨੂੰ ਲੈ ਕੇ ਕਿਸੇ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਇਸ ਸਬੰਧੀ ਸਾਰੇ ਪੁਲੀਸ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਵੀ ਜਾਰੀ ਕਰ ਦਿੱਤੇ ਗਏ ਹਨ।



# ਸਸਤੀ ਬਿਜਲੀ: ਪੰਜਾਬ ਦੇ ਧਨਾਢਾਂ 'ਚ ਹੁਣ ਲੱਗੇਗੀ ਦੌੜ..!

## ਸਸਤੀ ਬਿਜਲੀ ਲੈਣ ਲਈ ਲੋਡ ਘਟਾਉਣਗੇ ਵੱਡੇ ਖਪਤਕਾਰ; ਪੰਜਾਬ ਦੇ ਖਜ਼ਾਨੇ 'ਤੇ ਵਧੇਗਾ ਸਬਸਿਡੀ ਦਾ ਬੋਝ

ਚੰਡੀਗੜ੍ਹ-ਪੰਜਾਬ ਦੇ ਸਰਦੇ ਪੁੱਜਦੇ ਖਪਤਕਾਰਾਂ 'ਚ ਹੁਣ ਸਸਤੀ ਬਿਜਲੀ ਲੈਣ ਲਈ ਦੌੜ ਲੱਗੇਗੀ। ਪਾਵਰਕੌਮ ਨੂੰ ਵੀ ਖ਼ਦਸ਼ਾ ਬਣਿਆ ਹੈ ਕਿ ਸੂਬੇ 'ਚ ਵੱਧ ਲੋਡ ਵਾਲੇ ਬਿਜਲੀ ਕੁਨੈਕਸਨਾਂ ਦੀ ਗਿਣਤੀ ਹੁਣ ਘਟ ਸਕਦੀ ਹੈ। ਪੰਜਾਬ ਸਰਕਾਰ ਨੇ ਸੱਤ ਕਿਲੋਵਾਟ ਤਕ ਦੇ ਲੋਡ ਵਾਲੇ ਘਰੇਲੂ ਖਪਤਕਾਰਾਂ ਨੂੰ 3 ਰੁਪਏ ਪ੍ਰਤੀ ਯੂਨਿਟ ਬਿਜਲੀ ਸਸਤੀ ਦੇਣ ਦਾ ਫ਼ੈਸਲਾ ਕੀਤਾ ਹੈ। ਪੰਜਾਬ ਵਿੱਚ 7 ਕਿਲੋਵਾਟ ਤੋਂ ਵੱਧ ਲੋਡ ਵਾਲੇ 3.15 ਲੱਖ ਘਰੇਲੂ ਖਪਤਕਾਰ ਹਨ, ਜਿਨ੍ਹਾਂ ਚੋਂ 2.95 ਲੱਖ ਸ਼ਹਿਰੀ ਖੇਤਰ ਅਤੇ 20 ਹਜਾਰ ਪੇਂਡੂ ਖੇਤਰ ਦੇ ਖਪਤਕਾਰ ਹਨ।



ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਵਿੱਚ ਤਕਰੀਬਨ 71 ਲੱਖ ਖਪਤਕਾਰ ਹਨ, ਜਿਨ੍ਹਾਂ 'ਚੋਂ 7 ਕਿਲੋਵਾਟ ਤਕ ਦੇ ਲੋਡ ਵਾਲੇ 67.92 ਲੱਖ ਖਪਤਕਾਰ ਹਨ। 7 ਕਿਲੋਵਾਟ ਤਕ ਲੋਡ ਵਾਲੇ ਖਪਤਕਾਰਾਂ ਨੂੰ ਤਾਂ ਸਸਤੀ ਬਿਜਲੀ ਮਿਲੇਗੀ ਪਰ ਜੋ ਬਾਕੀ 7 ਕਿਲੋਵਾਟ ਤੋਂ ਵੱਧ ਲੋਡ ਵਾਲੇ 3.15 ਲੱਖ ਖਪਤਕਾਰ ਹਨ, ਉਹ ਵੀ ਹੁਣ ਆਪਣਾ ਬਿਜਲੀ ਲੋਡ ਘਟਾਉਣ ਲਈ ਹੱਥ ਪੈਰ ਮਾਰਨਗੇ ਤਾਂ ਜੋ ਸਸਤੀ ਬਿਜਲੀ ਦੇ ਦਾਇਰੇ ਵਿੱਚ ਆ ਸਕਣ। ਮਾਹਿਰ ਆਖਦੇ ਹਨ ਕਿ ਜਿਨ੍ਹਾਂ ਖਪਤਕਾਰਾਂ ਦਾ ਲੋਡ 7 ਕਿਲੋਵਾਟ ਲੋਡ ਤੋਂ ਥੋੜ੍ਹਾ ਬਹੁਤਾ ਜ਼ਿਆਦਾ ਹੈ, ਉਹ ਜ਼ਰੂਰ ਹੁਣ ਪਾਵਰਕੌਮ ਦੇ ਦਫ਼ਤਰਾਂ ਵਿੱਚ ਲੋਡ ਘਟਾਉਣ ਲਈ ਦਰਖ਼ਾਸਤਾਂ ਦੇਣਗੇ।

ਮਾਹਿਰ ਦੱਸਦੇ ਹਨ ਕਿ ਹੁਣ ਜਦੋਂ ਨਵੇਂ ਘਰੇਲੂ ਬਿਜਲੀ ਕੁਨੈਕਸ਼ਨ ਲੱਗਣਗੇ, ਉਨ੍ਹਾਂ ਖਪਤਕਾਰਾਂ ਦੀ ਕੋਸ਼ਿਸ਼ ਵੀ ਇਹੋ ਹੋਵੇਗੀ ਕਿ ਬਿਜਲੀ ਲੋਡ 7 ਕਿਲੋਵਾਟ ਤੋਂ ਕਿਸੇ ਸੂਰਤ 'ਚ ਵਧੇ ਨਾ। ਜੇ ਵੱਡੇ ਖਪਤਕਾਰਾਂ ਨੇ ਬਿਜਲੀ ਲੋਡ ਘਟਾਉਣਾ ਸ਼ੁਰੂ ਕਰ ਦਿੱਤਾ ਤਾਂ ਉਸ ਨਾਲ ਪੰਜਾਬ ਸਰਕਾਰ ਦੇ ਖ਼ਜ਼ਾਨੇ 'ਤੇ ਸਬਸਿਡੀ ਦਾ ਬੋਝ ਹੋਰ ਵਧੇਗਾ। ਦੇਖਿਆ ਜਾਵੇ ਤਾਂ ਪੰਜਾਬ ਸਰਕਾਰ ਨੇ 2016 ਵਿੱਚ ਗ਼ਰੀਬ ਲੋਕਾਂ ਦੇ 200 ਯੂਨਿਟ ਮੁਆਫ਼ ਕੀਤੇ ਜਾਣ ਦੀ ਕਰੀਬ 137 ਕਰੋੜ ਦੀ ਰਾਸੀ ਪਾਵਰਕੌਮ ਨੂੰ ਹਾਲੇ ਤਕ ਨਹੀਂ ਉਤਾਰੀ ਹੈ। ਸਰਕਾਰ ਆਖ ਰਹੀ ਹੈ ਕਿ ਉਨ੍ਹਾਂ ਕੋਲ ਪੈਸਾ ਨਹੀਂ ਹੈ।

ਬਿਜਲੀ ਸਸਤੀ ਦਿੱਤੇ ਜਾਣ ਨਾਲ ਜਿੱਥੇ ਆਮ ਲੋਕਾਂ ਨੂੰ ਰਾਹਤ ਮਿਲੇਗੀ, ਉੱਥੇ ਸੋਲਰ ਊਰਜਾ ਨੂੰ ਵੀ ਬਰੇਕ ਲੱਗੇਗੀ। ਪੰਜਾਬ ਸਰਕਾਰ ਦੇ ਸਸਤੀ ਬਿਜਲੀ ਦੇ ਫ਼ੈਸਲੇ ਨਾਲ ਪੰਜਾਬ ਦੇ 7 ਕਿਲੋਵਾਟ ਤਕ ਵਾਲੇ ਸਹਿਰੀ ਖੇਤਰ ਦੇ 41.28 ਲੱਖ ਘਰੇਲੂ ਖਪਤਕਾਰਾਂ ਨੂੰ ਫ਼ਾਇਦਾ ਮਿਲੇਗਾ ਜਦਕਿ ਪੇਂਡੂ ਖੇਤਰ ਦੇ 26.64 ਲੱਖ ਘਰੇਲੂ ਖਪਤਕਾਰਾਂ ਨੂੰ ਲਾਹਾ ਮਿਲੇਗਾ। ਮੁੱਖ ਮੰਤਰੀ ਚਰਨਜੀਤ ਚੰਨੀ ਨੇ ਬੇਸ਼ੱਕ ਸਸਤੀ ਬਿਜਲੀ ਦੇਣ ਦਾ ਫ਼ੈਸਲਾ ਲਾਗੂ ਕੀਤਾ ਹੈ ਪਰ ਇਸ ਫ਼ੈਸਲੇ ਦਾ ਰੰਗ ਅਗਲੇ ਨਵੇਂ ਸਾਲ ਵਿੱਚ ਉੱਘੜੇਗਾ।

ਪ੍ਰਾਪਤ ਵੇਰਵਿਆਂ ਅਨੁਸਾਰ ਨਵੰਬਰ ਅਤੇ ਦਸੰਬਰ ਮਹੀਨੇ ਦੇ ਜੋ ਪਾਵਰਕੌਮ ਤਰਫ਼ੋਂ ਬਿਜਲੀ ਬਿੱਲ ਤਿਆਰ ਕੀਤੇ ਜਾਣਗੇ, ਉਹ ਬਿਜਲੀ ਬਿੱਲ ਖਪਤਕਾਰਾਂ ਕੋਲ ਜਨਵਰੀ 'ਚ ਪੁੱਜਣਗੇ, ਜਿਨ੍ਹਾਂ ਤੋਂ ਖਪਤਕਾਰਾਂ ਨੂੰ ਬਿਜਲੀ ਦਾ ਬਿੱਲ ਹੌਲਾ ਹੋਣ ਦਾ ਅਹਿਸਾਸ ਹੋਵੇਗਾ। ਅਗਲੇ ਵਰ੍ਹੇ ਫ਼ਰਵਰੀ ਵਿੱਚ ਚੋਣਾਂ ਹਨ, ਜਿਸ ਕਰ ਕੇ ਚੋਣਾਂ ਤੋਂ ਪਹਿਲਾਂ ਘੱਟ ਦਰਾਂ ਵਾਲੇ ਬਿਜਲੀ ਬਿੱਲ ਖਪਤਕਾਰਾਂ ਨੂੰ ਮਿਲਣਗੇ। ਇਸ ਫ਼ੈਸਲੇ ਦਾ ਸਿਆਸੀ ਲਾਹਾ ਕਿੰਨਾ ਕੁ ਮਿਲਦਾ ਹੈ, ਇਹ ਭਵਿੱਖ ਦੀ ਕੁੱਖ ਵਿੱਚ ਹੈ ਪਰ ਸਰਕਾਰ ਨੇ ਪੈਂਤੜਾ ਲੈ ਲਿਆ ਹੈ। ਦੂਸਰੀ ਤਰਫ਼ ਪਾਵਰਕੌਮ ਨੂੰ ਡਰ ਹੈ ਕਿਉਂਕਿ ਸਰਕਾਰ ਨੇ ਕਦੇ ਵੀ ਸਮੇਂ ਸਿਰ ਸਬਸਿਡੀ ਜਾਰੀ ਨਹੀਂ ਕੀਤੀ ਹੈ। ਇਸੇ ਵੇਲੇ ਵੀ ਸਰਕਾਰ ਵੱਲ 3500 ਕਰੋੜ ਦੀ ਸਬਸਿਡੀ ਬਕਾਇਆ ਖੜ੍ਹੀ ਹੈ।

## ਸ਼ਹੀਦ ਸਿਪਾਹੀ ਮਨਜੀਤ ਸਿੰਘ ਦੇ ਪਰਿਵਾਰ ਲਈ ਪੰਜਾਬ ਸਰਕਾਰ ਵਲੋਂ 50 ਲੱਖ ਰੁਪਏ ਐਕਸ ਗ੍ਰੇਸ਼ੀਆ ਅਤੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ





ਦਸੂਹਾ- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸ਼ਹੀਦ ਸਿਪਾਹੀ ਮਨਜੀਤ ਸਿੰਘ ਦੇ ਪਰਿਵਾਰ ਨੂੰ 50 ਲੱਖ ਰੁਪਏ ਐਕਸ ਗ੍ਰੇਸ਼ੀਆ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਮਨਜੀਤ ਸਿੰਘ ਨੇ ਬੀਤੇ ਦਿਨ ਜੰਮੂ-ਕਸ਼ਮੀਰ ਵਿਖੇ ਨੌਸ਼ਹਿਰਾ ਸੈਕਟਰ ਵਿੱਚ ਦੇਸ਼ ਦੀ ਸੇਵਾ ਕਰਦਿਆਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ।

ਬਹਾਦਰ ਸਿਪਾਹੀ ਦੇ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੇਸ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਆਪਣੀ ਜਾਨ ਕੁਰਬਾਨ ਕਰਦਿਆਂ ਸ਼ਹੀਦ ਵਲੋਂ ਵਿਖਾਈ ਗਈ ਸਮਰਪਿਤ ਭਾਵਨਾ ਉਨ੍ਹਾਂ ਦੇ ਸਾਥੀ ਸੈਨਿਕਾਂ ਨੂੰ ਆਪਣੀ ਡਿਊਟੀ ਹੋਰ ਵੀ ਤਨਦੇਹੀ ਅਤੇ ਸਮਰਪਣ ਨਾਲ ਨਿਭਾਉਣ ਲਈ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ। 17 ਸਿੱਖ ਰੈਜ਼ੀਮੈਂਟ ਨਾਲ ਸਬੰਧਤ ਸਿਪਾਹੀ ਮਨਜੀਤ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖੇੜਾ ਕੋਟਲੀ (ਤਹਿਸੀਲ ਦਸੂਹਾ) ਦਾ ਰਹਿਣ ਵਾਲਾ ਸੀ। ਉਸ ਦਾ ਅਜੇ ਵਿਆਹ ਨਹੀਂ ਹੋਇਆ ਸੀ ਅਤੇ ਉਹ ਆਪਣੇ ਪਿੱਛੇ ਮਾਤਾ-ਪਿਤਾ, ਚਾਰ ਭੈਣਾਂ ਅਤੇ ਇੱਕ ਭਰਾ ਛੱਡ ਗਿਆ ਹੈ।

## ਸੂਬੇ 'ਚ ਖੇਡ ਦਾ ਮਾਹੌਲ ਸਿਰਜਣ ਲਈ ਪੁਰਾਣੇ ਖਿਡਾਰੀਆਂ ਨੂੰ ਅੱਗੇ ਆਉਣਾ ਪਵੇਗਾ - ਪਰਗਟ ਸਿੰਘ

ਚੰਡੀਗੜ੍ਹ/ਜਲੰਧਰ -ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਮੁੜ ਦੇਸ਼ ਦਾ ਮੋਹਰੀ ਸੂਬਾ ਬਣਾਉਣ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਸਾਰਿਆਂ ਨੂੰ ਮਿਲ ਕੇ ਹੰਭਲਾ ਮਾਰਨਾ ਪਵੇਗਾ, ਜਿਸ ਲਈ ਵਿਸ਼ੇਸ਼ ਤੌਰ 'ਤੇ ਪੁਰਾਣੇ ਖਿਡਾਰੀਆਂ ਨੂੰ ਵੀ ਅੱਗੇ ਆਉਣਾ ਪਵੇਗਾ। ਇਹ ਗੱਲ ਪੰਜਾਬ ਦੇ ਖੇਡ ਅਤੇ ਸਿੱਖਿਆ ਮੰਤਰੀ ਪਰਗਟ ਸਿੰਘ ਨੇ ਇੱਥੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ ਚੌਥੀ ਬਾਬਾ ਜੀ. ਐੱਸ. ਬੋਧੀ ਵੈਟਰਨ ਹਾਕੀ ਲੀਗ ਦੇ ਫ਼ਾਈਨਲ ਮੈਚ ਦੌਰਾਨ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਹੀ। ਇਸ ਮੌਕੇ ਪਰਗਟ ਸਿੰਘ, ਜੋ ਸਾਬਕਾ ਹਾਕੀ ਓਲੰਪੀਅਨ ਹਨ, ਨੇ ਵੀ ਵੈਟਰਨ ਖਿਡਾਰੀਆਂ ਨਾਲ ਹਾਕੀ ਮੈਚ ਖੇਡਿਆ। ਹਾਕੀ ਮੈਦਾਨ ਵਿੱਚ ਪਰਗਟ ਸਿੰਘ ਦਾ ਉਹੀ ਸਕਿੱਲ ਦੇਖਣ ਨੂੰ ਮਿਲਿਆ। ਛੋਟੀ ਉਮਰ ਦੇ ਖਿਡਾਰੀ ਖੇਡ ਮੰਤਰੀ ਪਰਗਟ ਸਿੰਘ ਨੂੰ ਖੇਡਦਾ ਦੇਖ ਕੇ ਬਹੁਤ ਉਤਸ਼ਾਹਿਤ ਹੋਏ ਅਤੇ ਉਨ੍ਹਾਂ ਆਪਣੇ ਸਮੇਂ ਦੇ ਮਹਾਨ ਖਿਡਾਰੀ ਰਹੇ ਪ੍ਰਗਟ ਸਿੰਘ ਨਾਲ ਸੈਲਫ਼ੀਆਂ ਵੀ ਲਈਆਂ। 1996 ਐਟਲਾਂਟਾ ਓਲੰਪਿਕਸ ਵਿੱਚ ਪਰਗਟ ਸਿੰਘ ਦੀ ਕਪਤਾਨੀ ਹੇਠ ਭਾਰਤ ਵੱਲੋਂ ਖੇਡਣ ਵਾਲੇ ਹਰਪ੍ਰੀਤ ਸਿੰਘ ਮੰਡੇਰ ਅਤੇ ਸੰਜੀਵ ਕੁਮਾਰ ਵੀ ਮੌਕੇ 'ਤੇ ਮੌਜੂਦ ਸਨ। ਤਿੱਕੜੀ ਨੇ ਹਾਕੀ ਖੇਡ ਕੇ ਪੁਰਾਣੇ ਦਿਨ ਚੇਤੇ ਕੀਤੇ। ਪਰਗਟ ਸਿੰਘ ਨੇ ਲਾਇਲਪੁਰ ਖਾਲਸਾ ਕਾਲਜ ਨੂੰ ਹਾਕੀ ਐਸਟੋਟਰਫ਼ ਲਈ 5 ਲੱਖ ਅਤੇ ਜੀ. ਐੱਸ. ਬੋਧੀ ਕਲੱਬ ਨੂੰ 2 ਲੱਖ ਰੁਪਏ ਦੇਣ ਦਾ ਵੀ ਐਲਾਨ ਕੀਤਾ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਹਾਕੀ ਖੇਡ ਨੂੰ ਵੱਡੇ ਮੁਕਾਮ 'ਤੇ ਲਿਆਉਣ ਵਾਲੇ ਸਾਡੇ ਸਾਰਿਆਂ ਦੇ ਮਹਿਬੂਬ ਕੋਚ ਜੀ. ਐੱਸ. ਬੋਧੀ ਦੀ ਯਾਦ ਵਿੱਚ ਹੁੰਦੀ ਲੀਗ ਵਿੱਚ ਪੁਰਾਣੇ ਖਿਡਾਰੀਆਂ ਨੂੰ ਖੇਡਦਿਆਂ ਦੇਖ ਕੇ ਖ਼ੁਸ਼ੀ ਹੋਈ।



ਉਨ੍ਹਾਂ ਕਿਹਾ ਕਿ ਸੂਬੇ ਵਿੱਚ ਖੇਡ ਪੱਖੀ ਮਾਹੌਲ ਸਿਰਜਣ ਲਈ ਪੁਰਾਣੇ ਖਿਡਾਰੀਆਂ ਨੂੰ ਇਸੇ ਤਰ੍ਹਾਂ ਖੇਡ ਮੈਦਾਨ ਵਿੱਚ ਨਿੱਤਰਨਾ ਪਵੇਗਾ ਕਿਉਂਕਿ ਖਿਡਾਰੀ ਨੌਜਵਾਨਾਂ ਦੇ ਆਦਰਸ਼ ਹਨ, ਜਿਨ੍ਹਾਂ ਨੂੰ ਦੇਖ ਕੇ ਨੌਜਵਾਨ ਖੇਡਾਂ ਨੂੰ ਸ਼ਿੱਦਤ ਨਾਲ ਅਪਣਾਉਣਗੇ। ਖੇਡ ਮੰਤਰੀ ਨੇ ਕਿਹਾ ਕਿ ਖੇਡਾਂ ਸਾਡੇ ਸਮਾਜ ਦਾ ਅਨਿੱਖੜਵਾਂ ਅੰਗ ਹਨ, ਇਹ ਸਿਰਫ਼ ਬਚਪਨ ਜਾਂ ਜਵਾਨੀ ਦੇ ਦਿਨਾਂ ਵਿੱਚ ਹੀ ਨਹੀਂ, ਸਗੋਂ ਸਾਰੀ ਉਮਰ ਸਾਨੂੰ ਇਸ ਨਾਲ ਜੁੜੇ ਰਹਿਣਾ ਚਾਹੀਦਾ ਹੈ। ਅੱਜ ਹਾਕੀ ਫ਼ੀਲਡ ਵਿੱਚ ਸਟਿੱਕ ਹੱਥ ਵਿੱਚ ਫੜ ਕੇ ਜੋ ਖ਼ੁਸ਼ੀ ਮਹਿਸੂਸ ਹੁੰਦੀ ਹੈ, ਉਹ ਸ਼ਬਦਾਂ ਵਿੱਚ ਬਿਆਨੀ ਨਹੀਂ ਜਾ ਸਕਦੀ। ਇਸ ਮੌਕੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਡਾ. ਗੁਰਪਿੰਦਰ ਸਿੰਘ ਸਮਰਾ ਨੇ ਕੈਬਨਿਟ ਮੰਤਰੀ ਪਰਗਟ ਸਿੰਘ ਦਾ ਉਚੇਚਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦੀ ਜਵਾਨੀ, ਖੇਡਾਂ, ਸਿੱਖਿਆ ਅਤੇ ਐੱਨ. ਆਰ. ਆਈਜ਼ ਖ਼ੁਸ਼ਕਿਸਮਤ ਹਨ, ਜਿਨ੍ਹਾਂ ਦੀ ਅਗਵਾਈ ਇੱਕ ਸੁਯੋਗ ਅਤੇ ਕਾਬਲ ਸ਼ਖ਼ਸ਼ੀਅਤ ਦੇ ਹੱਥ ਹੈ। ਇਸ ਮੌਕੇ ਲੀਗ ਦੇ ਮੁੱਖ ਸਪੌਂਸਰ ਬਲਦੇਵ ਸਿੰਘ ਕੰਗ ਨੇ ਵਿਸਵਾਸ਼ ਦਿਵਾਇਆ ਕਿ ਅੱਗੇ ਤੋਂ ਵੀ ਇਸੇ ਤਰ੍ਹਾਂ ਉਹ ਹਾਕੀ ਨਾਲ ਜੁੜੇ ਰਹਿਣਗੇ। ਕਲੱਬ ਦੇ ਪ੍ਰਧਾਨ ਦਲਜੀਤ ਸਿੰਘ ਨੇ ਸਾਰੇ ਮਹਿਮਾਨਾਂ ਅਤੇ ਖਿਡਾਰੀਆਂ ਦਾ ਧੰਨਵਾਦ ਕੀਤਾ।

## ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਮਾੜੀ ਸ਼ਬਦਾਵਲੀ ਬੋਲਣ ਵਾਲੇ ਅਨਿਲ ਅਰੋੜਾ 'ਤੇ ਭੜਕੇ ਢੱਡਰੀਆਂਵਾਲੇ

ਜਲੰਧਰ - ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਮਾੜੀ ਸ਼ਬਦਾਵਲੀ ਬੋਲਣ ਵਾਲੇ ਅਨਿਲ ਅਰੋੜਾ ਦੀ ਭਾਈ ਰਣਜੀਤ ਸਿੰਘ ਢੱਡਰੀਆਂਵਾਲਿਆਂ ਵਲੋਂ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਕਤ ਬੰਦੇ ਨੇ ਜੋ ਸ਼ਬਦ ਵਰਤੇ ਹਨ, ਉਨ੍ਹਾਂ ਨੂੰ ਸੁਣ ਕੇ ਉਹ ਹੈਰਾਨ ਹੋ ਗਏ ਹਨ। ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਕਿਹਾ ਕਿ ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਮਰਦਾਨੇ ਦੇ ਨਾਲ ਇਸ ਸਮਾਜ 'ਚ ਨਾ ਆਉਂਦੇ ਤਾਂ ਸਾਡੀ ਕੌਣ ਸੁਣਦਾ। ਉਨ੍ਹਾਂ ਕਿਹਾ ਕਿ ਗੱਲ ਹਿੰਦੂਆਂ ਦੀ ਨਹੀਂ ਹੈ, ਭਾਵੇਂ ਵਿਅਕਤੀ ਕਿਸੇ ਵੀ ਜਾਤ-ਧਰਮ 'ਚ ਪੈਦਾ ਹੋਇਆ ਹੋਵੇ ਪਰ ਇੰਨੀ ਨਫ਼ਰਤ ਕਿਉਂ। ਉਨ੍ਹਾਂ ਕਿਹਾ ਕਿ ਕਿਸੇ ਦੇ ਲਈ ਵੀ ਇੰਨੀ ਜ਼ਿਆਦਾ ਨਫ਼ਰਤ ਦਿਲ 'ਚ ਰੱਖਣਾ ਬਹੁਤ ਹੀ ਗਲਤ ਹੈ। ਢੱਡਰੀਆਂ ਵਾਲਿਆਂ ਨੇ ਕਿਹਾ ਕਿ ਇਹ ਲੋਕ ਕਿੰਨੇ ਭੈੜੇ ਹਨ, ਜੋ ਆਪਣੇ ਅੰਦਰ ਇੰਨੀ ਜ਼ਹਿਰ ਲੈ ਕੇ ਬੈਠੇ ਹਨ। ਉਨ੍ਹਾਂ ਕਿਹਾ ਕਿ ਸਮਾਜ 'ਚ ਕ੍ਰਾਂਤੀ ਲਿਆਉਣ ਵਾਲੇ ਸ਼ਖ਼ਸ, ਮਹਾਂਪੁਰਸ਼ ਸਭ ਦੇ ਸਾਂਝੇ ਹੁੰਦੇ ਹਨ, ਸਮਾਜ ਨੂੰ ਸੌਖਿਆਂ ਕਰਨ ਵਾਲੇ ਸਭ ਦੇ ਸਾਂਝੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੁੱਟ ਕੇ ਖਾਣ ਵਾਲੇ ਬੰਦਿਆਂ ਤੋਂ ਬਚਾ ਕੇ ਮਨੁੱਖ ਦਾ ਸਾਹ ਸੌਖਾ ਕੀਤਾ ਹੈ।

**Matrimonial**
**ਕੈਨੇਡਾ ਸਿਟੀਜ਼ਨ ਐਮ.ਡੀ. ਮੈਡੀਸਿਨ ਹਸਪਤਾਲ ਵਿੱਚ ਨਰਸ ਵਜੋਂ ਨੌਕਰੀ ਕਰਦੀ ਤਲਾਕਸ਼ੁਦਾ ਖ਼ੂਬਸੂਰਤ ਲੜਕੀ 42/5'-6" ਲਈ ਖਾਨਦਾਨੀ ਵਰ ਦੀ ਲੋੜ 37 ਸਾਲ ਤੋਂ ਉਪਰ ਵਾਲੇ ਹੀ ਸੰਪਰਕ ਕਰਨ।**
ਮੋ. 88473-74679

# ਮੁੱਖ ਮੰਤਰੀ ਚੰਨੀ ਦਿੱਲੀ ਕਾਂਗਰਸ ਦੀ ਕਠਪੁਤਲੀ, ਜਿਸ ਨੂੰ ਕੋਈ ਵੀ ਫ਼ੈਸਲੇ ਲੈਣ ਦਾ ਅਧਿਕਾਰ ਨਹੀਂ - ਬਾਦਲ



ਪਟਿਆਲਾ- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਿੱਲੀ ਕਾਂਗਰਸ ਦੀ ਕਠਪੁਤਲੀ ਹੈ, ਜਿਸ ਨੂੰ ਸੂਬੇ ਦੇ ਹਿੱਤਾਂ ਲਈ ਕੋਈ ਵੀ ਫ਼ੈਸਲੇ ਲੈਣ ਦਾ ਅਧਿਕਾਰ ਨਹੀਂ ਦਿੱਤਾ। ਬਾਦਲ ਇੱਥੇ ਸਾਬਕਾ ਮੰਤਰੀ ਪੰਜਾਬ ਸੁਰਜੀਤ ਸਿੰਘ ਰੱਖੜਾ ਅਤੇ ਸੀਨੀਅਰ ਅਕਾਲੀ ਨੇਤਾ ਚਰਨਜੀਤ ਸਿੰਘ ਰੱਖੜਾ ਵਲੋਂ ਰੱਖਵਾਏ ਇੱਕ ਨਿੱਜੀ ਸਮਾਗਮ ਮੌਕੇ ਗੱਲਬਾਤ ਕਰ ਰਹੇ ਸਨ। ਬਾਦਲ ਨੇ ਕਿਹਾ ਕਿ ਕਾਂਗਰਸ ਦਾ ਮੁੱਖ ਮੰਤਰੀ ਤੇ ਪ੍ਰਧਾਨ ਪੰਜਾਬ ਦੇ ਹਿੱਤਾਂ ਨੂੰ ਭੁੱਲ ਕੇ ਇੱਕ-ਦੂਜੇ ਦੀਆਂ ਲੱਤਾਂ ਖਿੱਚਣ ਲੱਗੇ ਹੋਏ ਹਨ। ਬਾਦਲ ਨੇ ਆਖਿਆ ਕਿ ਕਾਂਗਰਸ ਦੀ ਖਾਨਾਜੰਗੀ ਨੇ ਪੰਜਾਬ ਨੂੰ ਬਹੁਤ ਪਿੱਛੇ ਧਕੇਲ ਦਿੱਤਾ ਹੈ। ਇਹ ਲੋਕ ਕੁਰਸੀਆਂ ਲਈ ਬਿੱਲੀਆਂ ਵਾਂਗ ਲੜ ਰਹੇ ਹਨ। ਉਨ੍ਹਾਂ ਆਖਿਆ ਕਿ ਪੰਜਾਬ 'ਚ ਅੱਜ ਲਾਅ ਐਂਡ ਆਰਡਰ ਨਾਂ ਦੀ ਕੋਈ ਚੀਜ਼ ਨਹੀਂ ਹੈ ਅਤੇ ਮੌਜੂਦਾ ਸਰਕਾਰ ਬੁਰੀ ਤਰ੍ਹਾਂ ਫ਼ੇਲ ਸਾਬਤ ਹੋਈ ਹੈ। ਬਾਦਲ ਨੇ ਆਖਿਆ ਕਿ ਪੰਜਾਬ ਦੇ ਲੋਕ ਅਕਾਲੀ ਦਲ ਅਤੇ ਬਸਪਾ ਦੀ ਸਰਕਾਰ ਬਣਾਉਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ 10 ਸਾਲ ਅਕਾਲੀ ਦਲ ਦੀ ਸਰਕਾਰ ਨੇ ਜੋ ਕੰਮ ਪੰਜਾਬ ਲਈ ਕੀਤੇ, ਉਹ ਕੋਈ ਵੀ ਸਰਕਾਰ ਨਹੀਂ ਕਰ ਸਕਦੀ। ਹਮੇਸ਼ਾ ਪੰਜਾਬ ਤੇ ਪੰਜਾਬੀਅਤ ਲਈ ਲੜਾਈ ਲੜੀ ਹੈ ਅਤੇ ਆਖਿਰੀ ਸਾਹਾਂ ਤਕ ਇਹ ਲੜਾਈ ਜਾਰੀ ਰਹੇਗੀ। ਇਸ ਮੌਕੇ ਸੀਨੀਅਰ ਅਕਾਲੀ ਨੇਤਾ ਚਰਨਜੀਤ ਸਿੰਘ ਰੱਖੜਾ, ਲਕਸ਼ਮੀ ਬਾਈ ਡੈਂਟਲ ਕਾਲਜ ਦੇ ਐੱਮ. ਡੀ. ਭਗਵਾਨ ਦਾਸ ਗੁਪਤਾ, ਐਡਵੋਕੇਟ ਮਨਬੀਰ ਵਿਰਕ ਅਬਲੋਵਾਲ, ਸਾਬਕਾ ਚੇਅਰਮੈਨ ਸੁਰਜੀਤ ਸਿੰਘ ਅਬਲੋਵਾਲ, ਸਾਬਕਾ ਮੇਅਰ ਵਿਸ਼ਨੂੰ ਸ਼ਰਮਾ, ਸਤਵਿੰਦਰ ਸਿੰਘ ਟੌਹੜਾ ਮੈਂਬਰ ਸ਼੍ਰੋਮਣੀ ਕਮੇਟੀ, ਜਸਪਾਲ ਸਿੰਘ ਬਿੱਟੂ ਚੱਠਾ ਸਾਬਕਾ ਕੌਂਸਲਰ, ਪ੍ਰੋ. ਬਲਦੇਵ ਸਿੰਘ ਬਲੂਆਣਾ, ਅਸ਼ੋਕ ਬਾਂਸਲ ਸੂਬਾ ਮੀਤ ਪ੍ਰਧਾਨ, ਜਥੇਦਾਰ ਹਰਜਿੰਦਰ ਸਿੰਘ ਬਲ ਹਾਜ਼ਰ ਸਨ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੈ. ਅਮਰਿੰਦਰ ਸਿੰਘ ਨੂੰ ਪੂਰੀ ਤਰ੍ਹਾਂ ਫ਼ੇਲ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਮਹਾਰਾਜੇ ਵਾਂਗ ਸਾਢੇ 4 ਸਾਲ ਬਿਤਾਉਣ ਵਾਲਾ ਅਮਰਿੰਦਰ ਪੰਜਾਬੀਆਂ ਦੀਆਂ ਦੁੱਖ-ਤਕਲੀਫ਼ਾਂ ਨੂੰ ਭੁੱਲ ਗਿਆ। ਹੁਣ ਪੰਜਾਬ ਦੇ ਲੋਕ ਉਸ ਨੂੰ ਅਤੇ ਉਸ ਦੀ ਪਾਰਟੀ ਨੂੰ ਕਦੇ ਵੀ ਪ੍ਰਵਾਨ ਨਹੀਂ ਕਰਨਗੇ। ਉਨ੍ਹਾਂ ਨਸੀਹਤ ਦਿੱਤੀ ਕਿ ਕੈਪਟਨ ਨੂੰ ਪਾਰਟੀ ਤੋਂ ਬਾਗੀ ਨਹੀਂ ਸੀ ਹੋਣਾ ਚਾਹੀਦਾ।

ਦਰਸ਼ਨ ਸਿੰਘ ਧਾਲੀਵਾਲ ਨੂੰ ਵਾਪਸ ਮੋੜਨਾ ਲੋਕਤੰਤਰ ਦਾ ਕਤਲ

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਕਿ ਉੱਘੇ ਪ੍ਰਵਾਸੀ ਭਾਰਤੀ ਦਰਸ਼ਨ ਸਿੰਘ ਧਾਲੀਵਾਲ ਨੂੰ ਦਿੱਲੀ ਹਵਾਈ ਅੱਡੇ ਤੋਂ ਵਾਪਸ ਮੋੜਨਾ ਲੋਕਤੰਤਰ ਦਾ ਕਤਲ ਹੈ। ਉਨ੍ਹਾਂ ਆਖਿਆ ਕਿ ਕੇਂਦਰ ਦੀ ਸਰਕਾਰ ਪੰਜਾਬ ਤੇ ਕਿਸਾਨਾਂ ਦੇ ਪਿੱਛੇ ਪੈ ਗਈ ਹੈ ਅਤੇ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੀ ਹੈ। ਸਾਰਾ ਰੱਖੜਾ ਪਰਿਵਾਰ ਸਮਾਜ-ਸੇਵਾ ਕਾਰਨ ਜਾਣਿਆ ਜਾਂਦਾ ਹੈ। ਬਾਦਲ ਨੇ ਆਖਿਆ ਕਿ ਅਕਾਲੀ ਦਲ ਕਿਸਾਨਾਂ ਦੀ ਪਾਰਟੀ ਹੈ ਅਤੇ ਕਿਸਾਨਾਂ ਨਾਲ ਖੜ੍ਹੀ ਹੈ।

## ਇਨਸਾਫ਼ ਤਾਂ ਦੂਰ, ਸਿੱਖਾਂ ਦੇ ਜ਼ਖਮਾਂ 'ਤੇ ਲੂਣ ਛਿੜਕਣੋਂ ਕਿਉਂ ਨਹੀਂ ਹੱਟਦੀ ਕਾਂਗਰਸ - ਪ੍ਰੋ. ਬਲਜਿੰਦਰ ਕੌਰ



ਚੰਡੀਗੜ੍ਹ -ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕਾਂਗਰਸ ਹਾਈਕਮਾਨ ਵਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਜਗਦੀਸ਼ ਟਾਈਟਲਰ ਨੂੰ ਦਿੱਲੀ ਪ੍ਰਦੇਸ਼ ਕਾਂਗਰਸ ਲਈ ਸਥਾਈ ਮੈਂਬਰ ਦਾ ਅਹੁਦਾ ਦਿੱਤੇ ਜਾਣ 'ਤੇ ਸਖ਼ਤ ਰੋਸ ਪ੍ਰਗਟ ਕੀਤਾ ਹੈ। ਇਸ ਦੇ ਨਾਲ ਹੀ 'ਆਪ' ਨੇ ਪੰਜਾਬ ਕਾਂਗਰਸ ਨੂੰ ਵੀ ਇਸ ਮੁੱਦੇ 'ਤੇ ਘੇਰਦਿਆਂ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੂੰ ਇਸ ਮੁੱਦੇ 'ਤੇ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਵੰਗਾਰਿਆ ਹੈ।

ਪਾਰਟੀ ਮੁੱਖ ਦਫ਼ਤਰ ਤੋਂ ਜਾਰੀ ਸਾਂਝੇ ਬਿਆਨ ਰਾਹੀਂ ਪਾਰਟੀ ਦੀ ਸੀਨੀਅਰ ਆਗੂ ਅਤੇ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਅਤੇ ਪਾਰਟੀ ਦੇ ਬੁਲਾਰੇ ਮਨਵਿੰਦਰ ਸਿੰਘ ਗਿਆਸਪੁਰਾ ਨੇ ਗਾਂਧੀ ਪਰਿਵਾਰ ਸਮੇਤ ਸਮੁੱਚੀ ਕਾਂਗਰਸ ਨੂੰ ਪੁੱਛਿਆ ਕਿ ਕਾਂਗਰਸ ਨੇ ਸਿੱਖਾਂ ਨੂੰ ਇਨਸਾਫ਼ ਤਾਂ ਨਹੀਂ ਦਿੱਤਾ ਪਰ 1984 ਦੇ ਕਤਲੇਆਮ ਦੇ ਅੱਜ ਤਕ ਅੱਲੇ ਪਏ ਜ਼ਖ਼ਮਾਂ 'ਤੇ ਲੂਣ ਛਿੜਕਣੋਂ ਕਦੋਂ ਹਟੇਗੀ ?

ਪ੍ਰੋ. ਬਲਜਿੰਦਰ ਕੌਰ ਨੇ ਕਿਹਾ, "ਕਾਂਗਰਸ ਦੱਸੇ ਕਿ ਆਖ਼ਿਰ ਜਗਦੀਸ਼ ਟਾਈਟਲਰ ਨੇ ਗਾਂਧੀ ਪਰਿਵਾਰ 'ਤੇ ਅਜਿਹੀ ਕਿਹੜੀ ਮਿਹਰਬਾਨੀ ਕੀਤੀ ਹੋਈ ਹੈ ਕਿ ਟਾਈਟਲਰ ਨੂੰ ਵਾਰ-ਵਾਰ ਅਹੁਦੇ ਬਖਸ਼ੇ ਜਾ ਰਹੇ ਹਨ, ਜਦਕਿ ਟਾਈਟਲਰ ਦਾ ਅਪਰਾਧ ਅਹੁਦੇ ਰੁਤਬਿਆਂ ਦਾ ਨਹੀਂ, ਸਗੋਂ ਜੇਲ੍ਹ 'ਚ ਸੜਨ ਦੇ ਲਾਇਕ ਹੈ। ਉਨ੍ਹਾਂ ਕਿਹਾ ਕਿ ਗਾਂਧੀ ਪਰਿਵਾਰ ਨੂੰ ਚਾਹੀਦਾ ਹੈ ਕਿ ਉਹ ਜਗਦੀਸ਼ ਟਾਈਟਲਰ ਵਰਗੇ ਗੁਨਾਹਗਾਰਾਂ ਨੂੰ ਅਹੁਦੇ ਬਖਸ਼-ਬਖਸ਼ ਕੇ ਸਿੱਖਾਂ ਅਤੇ ਇਨਸਾਫ਼ ਪਸੰਦ ਲੋਕਾਂ ਨੂੰ ਵਾਰ-ਵਾਰ ਨਾ ਚਿੜਾਇਆ ਜਾਵੇ। ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਜਗਦੀਸ਼ ਟਾਈਟਲਰ 1984 ਦੇ ਸਿੱਖ ਕਤਲੇਆਮ ਦਾ ਚਰਚਿਤ ਅਤੇ ਅਦਾਲਤੀ ਦੋਸ਼ੀ ਹੈ ਅਤੇ ਇਸ ਖ਼ਿਲਾਫ਼ ਸੀ. ਬੀ. ਆਈ. ਕੋਲ ਕਈ ਮਾਮਲੇ ਵਿਚਾਰ ਅਧੀਨ ਹਨ। ਬਦਕਿਸਮਤੀ ਇਹ ਹੈ ਕਿ ਜਿਸ ਤਰ੍ਹਾਂ ਕਾਂਗਰਸ ਸੱਤਾ 'ਚ ਰਹਿੰਦਿਆਂ ਜਗਦੀਸ਼ ਟਾਈਟਲਰ ਅਤੇ ਹੋਰ ਦੋਸ਼ੀਆਂ ਨੂੰ ਬਚਾਉਂਦੀ ਰਹੀ ਹੈ, ਉਸੇ ਤਰ੍ਹਾਂ ਕੇਂਦਰ ਦੀ ਭਾਜਪਾ ਸਰਕਾਰ ਵੀ ਅਜਿਹੇ ਕਥਿਤ ਕਾਤਲਾਂ ਨੂੰ ਹੱਥ ਨਾ ਪਾ ਕੇ ਬਚਾਅ ਰਹੀ ਹੈ।ਪਾਰਟੀ ਦੇ ਬੁਲਾਰੇ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ, "ਕਾਂਗਰਸ ਹਾਈਕਮਾਨ ਦੇ ਇਸ ਫ਼ੈਸਲੇ ਨੇ ਕਾਂਗਰਸ ਦੀ 1984 ਦੇ ਕਤਲੇਆਮ ਬਾਰੇ ਮਾਨਸਿਕਤਾ ਇੱਕ ਵਾਰ ਫ਼ਿਰ ਨੰਗੀ ਕਰ ਦਿੱਤੀ ਹੈ। ਸਾਫ਼ ਹੈ ਕਿ ਕਾਂਗਰਸ ਕਦੇ ਵੀ ਸਿੱਖਾਂ ਨੂੰ ਇਨਸਾਫ਼ ਨਹੀਂ ਦੇ ਸਕਦੀ, ਹਾਲਾਂਕਿ ਪੰਜਾਬ ਦੇ ਲੋਕਾਂ ਨੇ ਕਾਂਗਰਸ 'ਤੇ 1984 ਤੋਂ ਬਾਅਦ ਵੀ ਕਈ ਵਾਰ ਵਿਸ਼ਵਾਸ ਕੀਤਾ ਹੈ ਪਰ ਕਾਂਗਰਸ ਨੇ ਹਰ ਵਾਰ ਸਿੱਖਾਂ ਅਤੇ ਪੰਜਾਬੀਆਂ ਨਾਲ ਵਿਸ਼ਵਾਸਘਾਤ ਹੀ ਕੀਤਾ ਹੈ।" 'ਆਪ' ਆਗੂਆਂ ਨੇ ਕਾਂਗਰਸ ਹਾਈਕਮਾਨ ਵਲੋਂ ਜਗਦੀਸ਼ ਟਾਈਟਲਰ ਨੂੰ ਨਿਵਾਜ਼ੇ ਗਏ ਮਾਣ-ਸਨਮਾਨ ਬਾਰੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਮੇਤ ਸਾਰੇ ਕਾਂਗਰਸੀ ਆਗੂ ਆਪੋ-ਆਪਣਾ ਸਟੈਂਡ ਸਪੱਸ਼ਟ ਕਰਨ।

## 'ਹਮ ਦਿਲ ਦੇ ਚੁਕੇ ਸਨਮ': ਇੱਕ ਵਿਅਕਤੀ ਨੇ ਆਪਣੀ ਪਤਨੀ ਦਾ ਵਿਆਹ ਪ੍ਰੇਮੀ ਨਾਲ ਕਰਵਾਇਆ



ਕਾਨਪੁਰ -ਨੌਜਵਾਨ ਨੇ ਆਪਣੀ ਪਤਨੀ ਦਾ ਵਿਆਹ ਉਸ ਦੇ ਪ੍ਰੇਮੀ ਨਾਲ ਕਰਵਾ ਦਿੱਤਾ। ਕਾਨਪੁਰ ਦੇ ਇਸ ਵਿਅਕਤੀ ਦਾ ਵਿਆਹ 5 ਮਹੀਨੇ ਪਹਿਲਾਂ ਵਿਆਹ ਹੋਇਆ ਸੀ। ਪੰਕਜ ਸ਼ਰਮਾ, ਜੋ ਗੁਰੂਗ੍ਰਾਮ ਵਿੱਚ ਪ੍ਰਾਈਵੇਟ ਫ਼ਰਮ ਵਿੱਚ ਲੇਖਾਕਾਰ ਹੈ, ਨੇ ਇਸ ਸਾਲ ਮਈ ਵਿੱਚ ਕੋਮਲ ਨਾਲ ਵਿਆਹ ਕੀਤਾ ਸੀ। ਪੰਕਜ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਪਤਨੀ ਕੋਮਲ ਵਿਆਹ ਤੋਂ ਬਾਅਦ ਤੋਂ ਦੂਰ -ਦੂਰ ਰਹਿੰਦੀ ਸੀ। ਉਸ ਨੇ ਪਤਨੀ ਨਾਲ ਕਈ ਵਾਰ ਗੱਲ ਕੀਤੀ ਤਾਂ ਇੱਕ ਦਿਨ ਉਸ ਨੇ ਦੱਸਿਆ ਕਿ ਉਹ ਆਪਣੇ ਪ੍ਰੇਮੀ ਪਿੰਟੂ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਪੰਕਜ ਨੇ ਇਹ ਗੱਲ ਆਪਣੇ ਸਹੁਰਿਆਂ ਨਾਲ ਸਾਂਝੀ ਕੀਤੀ ਤਾਂ ਉਹ ਆਪਣੀ ਧੀ ਨੂੰ ਪੁਰਾਣੀਆਂ ਗੱਲਾਂ ਭੁੱਲਣ ਲਈ ਜ਼ੋਰ ਪਾਉਣ ਲੱਗੇ ਪਰ ਕੋਮਲ ਆਪਣੀ ਗੱਲ 'ਤੇ ਅੜੀ ਰਹੀ। ਫ਼ਿਰ ਮਾਮਲਾ ਘਰੇਲੂ ਹਿੰਸਾ ਵਿਰੋਧੀ ਸੈੱਲ ਅਤੇ ਆਸਾ ਜਯੋਤੀ ਕੇਂਦਰ ਤਕ ਪਹੁੰਚਿਆ ਜਿੱਥੇ ਔਰਤ, ਉਸ ਦੇ ਪਤੀ, ਪ੍ਰੇਮੀ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਵਿਚਕਾਰ ਮੀਟਿੰਗ ਹੋਈ। ਕੋਮਲ ਦੇ ਪੱਕੇ ਇਰਾਦੇ ਨੂੰ ਦੇਖ ਕੇ ਪੰਕਜ ਨੇ ਆਪਣੀ ਪਤਨੀ ਦਾ ਵਿਆਹ ਪਿੰਟੂ ਨਾਲ ਕਰਵਾਉਣ ਲਈ ਹਾਮੀ ਭਰ ਦਿੱਤੀ। ਉਸ ਨੇ ਬੀਤੇ ਦਿਨ ਆਪਣੀ ਪਤਨੀ ਦਾ ਵਿਆਹ ਕਰਵਾ ਦਿੱਤਾ। ਵਿਆਹ ਵਿੱਚ ਦੋਵਾਂ ਪਾਸਿਆਂ ਦੇ ਰਿਸ਼ਤੇਦਾਰਾਂ ਅਤੇ ਮਹਿਮਾਨਾਂ ਨੇ ਸ਼ਿਰਕਤ ਕੀਤੀ।

## ਦਰਬਾਰ ਸਾਹਿਬ ਸਮੂਹ ਵਿੱਚ ਬੇਅੰਤ ਸਿੰਘ ਦਾ ਬਰਸੀ ਸਮਾਗਮ ਮਨਾਇਆ



ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦੇ ਦੋਸ਼ ਹੇਠ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਗੋਲੀਆਂ ਮਾਰ ਕੇ ਕਤਲ ਕਰਨ ਵਾਲੇ ਬੇਅੰਤ ਸਿੰਘ ਦੀ ਯਾਦ ਵਿੱਚ ਇੱਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਬਰਸੀ ਸਮਾਗਮ ਮਨਾਇਆ ਗਿਆ। ਇਸ ਮੌਕੇ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।

ਬੇਅੰਤ ਸਿੰਘ ਨਮਿੱਤ ਗੁਰਦੁਆਰਾ ਝੰਡੇ ਬੁੰਗੇ ਵਿੱਚ ਰੱਖੇ ਗਏ ਅਖੰਡ ਪਾਠ ਦੇ ਭੋਗ ਪਾਏ ਗਏ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੇ ਅਧਿਕਾਰੀਆਂ ਤੋਂ ਇਲਾਵਾ ਵੱਖ-ਵੱਖ ਸਿੱਖ ਜਥੇਬੰਦੀਆਂ ਨਾਲ ਸਬੰਧਤ ਆਗੂ ਹਾਜ਼ਰ ਸਨ। ਇਸ ਮਗਰੋਂ ਸਤਵੰਤ ਸਿੰਘ ਦੇ ਭਤੀਜੇ ਸੁਖਵਿੰਦਰ ਸਿੰਘ ਅਵਾਣ ਤੇ ਭਰਾ ਮਨਜੀਤ ਸਿੰਘ ਨੂੰ ਸਿਰੋਪਾਓ ਭੇਟ ਕੀਤੇ ਗਏ। ਜਦਕਿ ਬੇਅੰਤ ਸਿੰਘ ਦੇ ਪਰਿਵਾਰ ਵਿੱਚੋਂ ਇਸ ਮੌਕੇ ਕੋਈ ਹਾਜ਼ਰ ਨਹੀਂ ਸੀ। ਇਸ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਮਨਜੀਤ ਸਿੰਘ, ਅਜਾਇਬ ਸਿੰਘ ਅਭਿਆਸੀ, ਅਕਾਲੀ ਦਲ ਸੰਯੁਕਤ ਵਲੋਂ ਭਾਈ ਮੋਹਕਮ ਸਿੰਘ, ਸਿੱਖ ਨੌਜਵਾਨ ਆਗੂ ਜਰਨੈਲ ਸਿੰਘ ਸਖੀਰਾ, ਨਰਾਇਣ ਸਿੰਘ, ਅਕਾਲੀ ਦਲ ਅੰਮ੍ਰਿਤਸਰ ਵਲੋਂ ਹਰਬੀਰ ਸਿੰਘ ਸੰਧੂ ਤੇ ਹੋਰ ਹਾਜ਼ਰ ਸਨ।

# ਮੋਦੀ ਵਲੋਂ ਪੋਪ ਨੂੰ ਭਾਰਤ ਆਉਣ ਦਾ ਸੱਦਾ, ਵੈਟੀਕਨ 'ਚ ਘੰਟੇ ਤੋਂ ਵੱਧ ਚੱਲੀ ਨਿੱਘੀ ਮੀਟਿੰਗ ਵਿੱਚ ਵਿਚਾਰੇ ਕਈ ਮੁੱਦੇ

ਵੈਟੀਕਨ ਸਿਟੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਪੋਪ ਫ਼ਰਾਂਸਿਸ ਨਾਲ ਬਹੁਤ ਨਿੱਘੀ ਮੁਲਾਕਾਤ ਹੋਈ ਹੈ। ਉਨ੍ਹਾਂ ਰੋਮਨ ਕੈਥੋਲਿਕ ਚਰਚ ਦੇ ਮੁੱਖੀ ਨਾਲ ਕੋਵਿਡ-19 ਮਹਾਂਮਾਰੀ ਅਤੇ ਵਾਤਾਵਰਨ ਬਦਲਾਅ ਜਿਹੀਆਂ ਦਰਪੇਸ਼ ਚੁਣੌਤੀਆਂ ਸਮੇਤ ਵੱਖ -ਵੱਖ ਮਸਲਿਆਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। ਪ੍ਰਧਾਨ ਮੰਤਰੀ ਨੇ ਪੋਪ ਨੂੰ ਭਾਰਤ ਆਉਣ ਦਾ ਸੱਦਾ ਵੀ ਦਿੱਤਾ ਹੈ ਜੋ ਉਨ੍ਹਾਂ ਸਵੀਕਾਰ ਕਰ ਲਿਆ ਹੈ। ਮੀਟਿੰਗ ਦਾ ਨਿਰਧਾਰਿਤ ਸਮਾਂ 20 ਮਿੰਟ ਸੀ ਪਰ ਇਹ ਇੱਕ ਘੰਟੇ ਤੋਂ ਵੱਧ ਸਮੇਂ ਤਕ ਜਾਰੀ ਰਹੀ। ਸ੍ਰੀ ਮੋਦੀ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਹਨ ਜਿਨ੍ਹਾਂ 2013 'ਚ ਫ਼ਰਾਂਸਿਸ ਦੇ ਪੋਪ ਬਣਨ ਤੋਂ ਬਾਅਦ ਮੁਲਾਕਾਤ ਕੀਤੀ ਹੈ। ਇਸ ਤੋਂ ਪਹਿਲਾਂ ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਜੂਨ 2000 'ਚ ਵੈਟੀਕਨ ਦਾ ਦੌਰਾ ਕਰਕੇ ਤੱਤਕਾਲੀ ਪੋਪ ਜੌਹਨ ਪੌਲ ਦੂਜੇ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਇਤਿਹਾਸਕ ਮੀਟਿੰਗ ਦੌਰਾਨ ਪੋਪ ਫ਼ਰਾਂਸਿਸ ਨੂੰ ਘੁਟ ਕੇ ਗੱਲਵਕੜੀ ਪਾਉਣ ਦੀਆਂ ਤਸਵੀਰਾਂ ਵੀ ਟਵੀਟ ਕੀਤੀਆਂ ਹਨ। ਵਿਦੇਸ਼ ਮੰਤਰਾਲੇ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਪੋਪ ਫ਼ਰਾਂਸਿਸ ਨੇ ਵੈਟੀਕਨ 'ਚ



ਅਪੋਸਟੋਲਿਕ ਪੈਲੇਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਬਿਆਨ 'ਚ ਕਿਹਾ ਗਿਆ ਕਿ ਭਾਰਤ ਅਤੇ ਵੈਟੀਕਨ ਦੇ ਦੋਸਤਾਨਾ ਸਬੰਧ 1948 ਤੋਂ ਹਨ ਅਤੇ ਏਸ਼ੀਆ 'ਚ ਦੂਜੀ ਸਭ ਤੋਂ ਵੱਡੀ ਕੈਥੋਲਿਕ ਆਬਾਦੀ ਭਾਰਤ 'ਚ ਹੈ। ਮੁਲਾਕਾਤ ਦੌਰਾਨ ਦੋਵੇਂ ਆਗੂਆਂ ਨੇ ਕੋਵਿਡ-19 ਮਹਾਂਮਾਰੀ ਅਤੇ ਇਸ ਦੇ ਦੁਨੀਆਂ ਭਰ ਦੇ ਲੋਕਾਂ 'ਤੇ ਪਏ ਅਸਰ ਬਾਰੇ ਵਿਚਾਰ- ਵਟਾਂਦਰਾ ਕੀਤਾ। ਉਨ੍ਹਾਂ ਭਾਰਤ ਵੱਲੋਂ ਕੋਵਿਡ-19 ਖ਼ਿਲਾਫ਼ ਟੀਕੇ ਦੀਆਂ 100 ਕਰੋੜ ਖੁਰਾਕਾਂ ਸਫ਼ਲਤਾਪੂਰਬਕ ਲਗਾਉਣ ਦੀ ਜਾਣਕਾਰੀ ਵੀ ਦਿੱਤੀ। ਈਸਾਈ ਧਰਮ ਗੁਰੂ ਨੇ ਮਹਾਂਮਾਰੀ ਦੌਰਾਨ ਭਾਰਤ ਵਲੋਂ ਹੋਰ ਮੁਲਕਾਂ ਨੂੰ ਦਿੱਤੀ ਗਈ ਸਹਾਇਤਾ ਦੀ ਵੀ ਸ਼ਲਾਘਾ ਕੀਤੀ। ਜੀ-20 ਸਿਖਰ ਸੰਮੇਲਨ 'ਚ ਹਿੱਸਾ ਲੈਣ ਲਈ ਇਟਲੀ ਦੇ ਦੌਰੇ 'ਤੇ ਗਏ ਪ੍ਰਧਾਨ ਮੰਤਰੀ ਨੇ ਪੋਪ ਨੂੰ ਭਾਰਤ ਵਲੋਂ ਜਲਵਾਯੂ ਪਰਿਵਰਤਨ ਨਾਲ ਸਿੱਝਣ ਲਈ ਉਠਾਏ ਗਏ ਕਦਮਾਂ ਦੀ ਜਾਣਕਾਰੀ ਵੀ ਦਿੱਤੀ। ਇਸ ਤੋਂ ਪਹਿਲਾਂ ਸ੍ਰੀ ਮੋਦੀ ਦਾ ਵੈਟੀਕਨ ਦੇ ਅਧਿਕਾਰੀਆਂ ਪੀਟਰੋ ਪੈਰੋਲਿਨ ਤੇ ਪੌਲ ਰਿਚਰਡ ਗਲੈਗਰ ਨੇ ਸਵਾਗਤ ਕੀਤਾ। ਮੋਦੀ ਨੇ ਚਾਂਦੀ ਨਾਲ ਬਣਿਆ ਖਾਸ ਮੋਮਬੱਤੀ ਸਟੈਂਡ ਅਤੇ ਵਾਤਾਵਰਨ ਬਾਰੇ ਭਾਰਤ ਦੀਆਂ ਕੋਸ਼ਿਸ਼ ਬਾਰੇ ਇੱਕ ਕਿਤਾਬ ਪੋਪ ਨੂੰ ਭੇਟ ਕੀਤੀ। ਪੋਪ ਨੇ ਵੀ ਕਾਂਸੇ ਦੀ ਇੱਕ ਪੱਟੀ ਸ੍ਰੀ ਮੋਦੀ ਨੂੰ ਤੋਹਫ਼ੇ 'ਚ ਦਿੱਤੀ ਜਿਸ 'ਤੇ 'ਰੇਗਿਸਤਾਨ ਇੱਕ ਬਾਗ ਬਣ ਜਾਵੇਗਾ' ਖੁਦਿਆ ਹੋਇਆ ਹੈ।

# ਪਾਕਿਸਤਾਨ 'ਚ ਸਾਈਬਰ ਹਮਲਾ, ਬੈਂਕ ਸੇਵਾਵਾਂ ਨੂੰ ਕੀਤਾ ਪ੍ਰਭਾਵਿਤ




ਇਸਲਾਮਾਬਾਦ- ਅਧਿਕਾਰੀਆਂ ਨੇ ਨੈਸ਼ਨਲ ਬੈਂਕ ਔਫ਼ ਪਾਕਿਸਤਾਨ (ਐੱਨ.ਬੀ. ਪੀ.) 'ਤੇ ਇੱਕ ਸਾਈਬਰ ਹਮਲੇ ਦਾ ਪਤਾ ਲਗਾਇਆ ਹੈ, ਜਿਸਨੇ ਬੈਂਕ ਦੀਆਂ ਸੇਵਾਵਾਂ ਨੂੰ ਪ੍ਰਭਾਵਿਤ ਕੀਤਾ ਹੈ। ਡੌਨ ਨਿਊਜ਼ ਨੇ ਬੈਂਕ ਦੇ ਇੱਕ ਬਿਆਨ ਦੇ ਹਵਾਲੇ ਨਾਲ ਕਿਹਾ ਕਿ 29 ਅਕਤੂਬਰ ਦੀ ਦੇਰ ਰਾਤ ਅਤੇ 30 ਅਕਤੂਬਰ ਦੀ ਸਵੇਰੇ ਐੱਨ. ਬੀ. ਪੀ. ਦੇ ਸਰਵਰ 'ਤੇ ਇੱਕ ਸਾਈਬਰ ਹਮਲੇ ਦਾ ਪਤਾ ਲੱਗਾ, ਜਿਸਨੇ ਬੈਂਕ ਦੀਆਂ ਕੁਝ ਸੇਵਾਵਾਂ ਨੂੰ ਪ੍ਰਭਾਵਿਤ ਕੀਤਾ।

ਇਸ ਵਿੱਚ ਕਿਹਾ ਗਿਆ ਹੈ ਕਿ ਪ੍ਰਭਾਵਿਤ ਪ੍ਰਣਾਲੀਆਂ ਨੂੰ ਠੀਕ ਕਰਨ ਲਈ ਫ਼ੌਰੀ ਕਦਮ ਉਠਾਏ ਗਏ ਹਨ। ਬੈਂਕ ਦੇ ਬਿਆਨ ਵਿੱਚ ਕਿਹਾ ਕਿ ਕਿਸੇ ਵੀ ਗਾਹਕ ਜਾਂ ਵਿੱਤੀ ਡਾਟਾ ਨਾਲ ਸਮਝੌਤਾ ਨਹੀਂ ਕੀਤਾ ਗਿਆ ਹੈ। ਕੌਮਾਂਤਰੀ ਸੋਮਿਆਂ ਸਮੇਤ ਉਦਯੋਗ ਦੇ ਮੋਹਰੀ ਵਿਸ਼ੇ ਮਾਹਿਰਾਂ ਦੀ ਵਰਤੋਂ ਕਰ ਕੇ ਇਲਾਜ ਦੇ ਯਤਨ ਜਾਰੀ ਹਨ।

ਅਜੇ ਵੀ ਗਾਹਕਾਂ ਲਈ ਐੱਨ. ਬੀ. ਪੀ. ਦੀਆਂ ਸੇਵਾਵਾਂ ਪ੍ਰਭਾਵਿਤ ਹਨ। ਅਸੀਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਕੰਮ ਕਰ ਰਹੇ ਹਾਂ ਅਤੇ ਵਿਸ਼ਵਾਸ ਹੈ ਕਿ ਜ਼ਰੂਰੀ ਗਾਹਕ ਸੇਵਾਵਾਂ ਜਲਦੀ ਹੀ ਬਹਾਲ ਕਰ ਦਿੱਤੀਆਂ ਜਾਣਗੀਆਂ।

# ਭਾਰਤੀ-ਅਮਰੀਕੀ ਨੇਤਾਵਾਂ ਨੇ ਅਮਰੀਕੀ ਸਾਂਸਦ ਨਾਲ ਹਿੰਦੂਆਂ 'ਤੇ ਵੱਧ ਰਹੇ ਅੱਤਿਆਚਾਰਾਂ 'ਤੇ ਕੀਤੀ ਚਰਚਾ

ਨਿਊ ਯੌਰਕ - ਅਮਰੀਕਾ ਵਿੱਚ ਭਾਰਤੀ-ਅਮਰੀਕੀ ਪ੍ਰਵਾਸੀ ਭਾਈਚਾਰੇ ਦੇ ਨੇਤਾਵਾਂ ਨੇ ਕਾਂਗਰਸਮੈਨ ਜੇਮਸ ਮੈਕਗਵਰਨ ਨਾਲ ਮੁਲਾਕਾਤ ਕੀਤੀ ਅਤੇ ਪਾਕਿਸਤਾਨ ਅਤੇ ਬੰਗਲਾਦਸ਼ ਸਮੇਤ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਹਿੰਦੂਆਂ 'ਤੇ ਵੱਧ ਰਹੇ ਅੱਤਿਆਚਾਰਾਂ ਅਤੇ ਹਮਲਿਆਂ ਬਾਰੇ ਚਰਚਾ ਕੀਤੀ। 'ਹਾਊਸ ਰੂਲਜ਼ ਕਮੇਟੀ' ਦੇ ਚੇਅਰਮੈਨ, ਚੀਨ 'ਤੇ ਕਾਂਗਰਸ-ਕਾਰਜਕਾਰੀ ਕਮਿਸ਼ਨ ਦੇ ਚੇਅਰਮੈਨ ਅਤੇ ਦੋ-ਪੱਖੀ ਟੌਮ ਲੈਂਟੋਸ ਮਨੁੱਖੀ ਅਧਿਕਾਰ ਕਮਿਸ਼ਨ ਦੇ ਡੈਮੋਕ੍ਰੈਟਿਕ ਸਹਿ-ਚੇਅਰਮੈਨ ਮੈਕਗਵਰਨ ਨੇ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ 'ਤੇ ਚਿੰਤਾ ਜ਼ਾਹਿਰ ਕੀਤੀ।

ਇੱਥੇ ਜਾਰੀ ਇੱਕ ਬਿਆਨ ਮੁਤਾਬਕ, 'ਹਿੰਦੂ ਸਵੈਮ ਸੇਵਕ ਸੰਘ ਯੂ.ਐੱਸ.ਏ.', 'ਦਿ ਵਰਲਡ ਹਿੰਦੂ ਕੌਂਸਲ', 'ਸੇਵਾ ਇੰਟਰਨੈਸ਼ਨਲ', 'ਇਸਕੋਨ', '75ਐਟ75 ਫ਼ਾਊਂਡੇਸ਼ਨ', 'ਕਸ਼ਮੀਰੀ ਹਿੰਦੂ ਫ਼ਾਊਂਡੇਸ਼ਨ', 'ਸਵਾਮੀ ਨਰਾਇਣ ਬੀ.ਏ.ਪੀ.ਐੱਸ. ਗਰੁੱਪ', 'ਗਲੋਬਲ ਇੰਡੀਅਨਜ਼ ਫ਼ੌਰ ਭਾਰਤ ਵਿਕਾਸ', 'ਸਹੇਲੀ ਬੋਸਟਨ' ਅਤੇ ਕਈ ਹੋਰ ਸੰਸਥਾਵਾਂ ਨੇ ਬੋਸਟਨ ਵਿੱਚ ਮੈਕਗਵਰਨ ਨਾਲ ਵੀਕੈਂਡ ਵਿੱਚ ਚਰਚਾ ਕੀਤੀ। ਬਿਆਨ ਵਿੱਚ ਕਿਹਾ ਗਿਆ ਹੈ ਕਿ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰ ਨਾਲ ਮੁਲਾਕਾਤ ਦੌਰਾਨ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਉੱਪ-ਪ੍ਰਧਾਨ ਸੰਜੇ ਕੌਲ ਨੇ



ਅਫ਼ਗਾਨਿਸਤਾਨ, ਪਾਕਿਸਤਾਨ, ਬੰਗਲਾਦੇਸ਼ ਅਤੇ ਕਸ਼ਮੀਰ ਵਿੱਚ ਹਿੰਦੂਆਂ ਅਤੇ ਘੱਟ- ਗਿਣਤੀ ਭਾਈਚਾਰਿਆਂ 'ਤੇ ਵੱਧ ਰਹੇ ਅੱਤਿਆਚਾਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਕੌਲ ਨੇ ਕਸ਼ਮੀਰ ਘਾਟੀ ਵਿੱਚ ਕਸ਼ਮੀਰੀ ਪੰਡਿਤਾਂ ਅਤੇ ਹਿੰਦੂ ਪ੍ਰਵਾਸੀਆਂ 'ਤੇ ਹਾਲ ਹੀ ਵਿੱਚ ਵਧੇ ਹਮਲਿਆਂ ਦਾ ਵਿਸਥਾਰ ਵਿੱਚ ਜ਼ਿਕਰ ਕੀਤਾ।


ਇਸਕੋਨ ਦੇ ਵਨਮਾਲੀ ਪੰਡਿਤ ਦਾਸ ਨੇ ਬੰਗਲਾਦੇਸ਼ ਵਿੱਚ ਹਿੰਦੂਆਂ ਅਤੇ ਹਿੰਦੂ ਪੁਜਾਰੀਆਂ 'ਤੇ ਹਾਲ ਹੀ ਵਿੱਚ ਹੋਏ ਹਮਲਿਆਂ ਦਾ ਜ਼ਿਕਰ ਕੀਤਾ। ਗਲੋਬਲ ਇੰਡੀਅਨਜ਼ ਫ਼ੌਰ ਇੰਡੀਆ ਡਿਵੈਲਪਮੈਂਟ () ਦੇ ਪ੍ਰਮੀਤ ਮਕੋਡੇ ਨੇ 'ਬੋਸਟਨ ਸੈਂਟਰ ਫ਼ੌਰ ਐਕਸੀਲੈਂਸ ਐਂਡ ਹਿਊਮਨ ਡਿਵੈੱਲਪਮੈਂਟ' ਅਤੇ '75 ਐਟ 75 ਪਹਿਲਕਦਮੀ' 'ਤੇ ਹਾਜ਼ਰੀਨ ਨਾਲ ਗੱਲਬਾਤ ਕੀਤੀ। ਇਹ ਦੋਵੇਂ ਸਥਾਨਕ ਅਮਰੀਕੀ ਸਮਾਜ ਲਈ ਭਾਰਤੀ-ਅਮਰੀਕੀ ਭਾਈਚਾਰੇ ਦੁਆਰਾ ਵੱਡੇ ਪੱਧਰ 'ਤੇ ਪ੍ਰੋਗਰਾਮਾਂ 'ਤੇ ਧਿਆਨ ਕੇਂਦਰਿਤ ਕਰਦੇ ਹਨ। '75 ਐਟ 75 ਪਹਿਲਕਦਮੀ' ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਜਸ਼ਨ ਦਾ ਹਿੱਸਾ ਹੈ। 'ਇਸਕੋਨ' ਦੇ ਵਿਕਾਸ ਦੇਸ਼ਪਾਂਡੇ ਨੇ ਕੋਵਿਡ-19 ਗਲੋਬਲ ਮਹਾਂਮਾਰੀ ਦੌਰਾਨ ਲੋੜਵੰਦਾਂ ਦੀ ਮਦਦ ਕਰਨ ਅਤੇ ਹੋਰ ਕੰਮਾਂ ਲਈ ਵੱਡੇ ਪੱਧਰ 'ਤੇ ਸੇਵਾ-ਮੁੱਖੀ ਪ੍ਰਾਜੈਕਟਾਂ ਦਾ ਵੇਰਵਾ ਦਿੱਤਾ। ਭਾਈਚਾਰੇ ਦੇ ਆਗੂਆਂ ਨੇ ਜੇਮਸ ਮੈਕਗਵਰਨ ਨੂੰ 'ਭਗਵਦ ਗੀਤਾ' ਦੀ ਕਾਪੀ ਵੀ ਭੇਂਟ ਕੀਤੀ।

## ਜਲਵਾਯੂ ਤਬਦੀਲੀ ਨਾਲ ਆਲਮੀ ਪੱਧਰ 'ਤੇ ਰਲ ਕੇ ਨਜਿੱਠਣ ਦੀ ਲੋੜ- ਦਲਾਈਲਾਮਾ

ਧਰਮਸ਼ਾਲਾ-ਗਲਾਸਗੋ (ਯੂ.ਕੇ.) ਵਿੱਚ ਮਹੱਤਵਪੂਰਨ ਜਲਵਾਯੂ ਤਬਦੀਲੀ ਕਾਨਫ਼ਰੰਸ ਤੋਂ ਪਹਿਲਾਂ ਦਲਾਈ ਲਾਮਾ ਨੇ ਕਿਹਾ ਕਿ ਜਲਵਾਯੂ ਤਬਦੀਲੀ ਦੀ ਸਮੱਸਿਆ ਨੂੰ ਆਲਮੀ ਪੱਧਰ ਉਤੇ ਤਾਲਮੇਲ ਕਰ ਕੇ ਸਾਰਿਆਂ ਦੇ ਭਲੇ ਲਈ ਹੱਲ ਕੀਤਾ ਜਾਣਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਕਾਨਫ਼ਰੰਸ (ਕਾਨਫ਼ਰੰਸ ਔਫ਼ ਪਾਰਟੀਜ਼ 26) ਲਈ ਭੇਜੇ ਆਪਣੇ ਸੁਨੇਹੇ ਵਿੱਚ ਤਿੱਬਤੀ ਅਧਿਆਤਮਕ ਗੁਰੂ ਨੇ ਕਿਹਾ ਕਿ ਵਿਗਿਆਨਕ ਸਮਝ ਮੁਤਾਬਕ ਅਮਲੀ ਕਾਰਵਾਈ ਕੀਤੀ ਜਾਣੀ ਜ਼ਰੂਰੀ ਹੈ। ਸਿਖਰ ਸੰਮੇਲਨ ਵਿੱਚ ਵੱਖ-ਵੱਖ ਮੁਲਕ ਪੈਰਿਸ ਜਲਵਾਯੂ ਸਮਝੌਤੇ ਤੇ ਸੰਯੁਕਤ ਰਾਸ਼ਟਰ ਦੇ ਸਮਝੌਤੇ ਮੁਤਾਬਕ ਟੀਚਿਆਂ ਦੀ ਪੂਰਤੀ ਲਈ ਤੇਜ਼ੀ ਨਾਲ ਕਦਮ ਚੁੱਕਣ ਲਈ ਸਹਿਮਤੀ ਬਣਾਉਣਗੇ। ਦਲਾਈਲਾਮਾ ਨੇ ਕਿਹਾ ਕਿ ਸਾਡੇ ਗ੍ਰਹਿ ਦੇ ਵਾਸੀ ਹੁਣ ਪੂਰੀ ਤਰ੍ਹਾਂ ਇੱਕ-ਦੂਜੇ ਉਤੇ ਹੀ ਨਿਰਭਰ ਹਨ, ਪਹਿਲਾਂ ਅਜਿਹਾ ਕਦੇ ਨਹੀਂ ਸੀ।

# 52 ਕਰੋੜ 'ਚ ਵਿਕਿਆ 60 ਕਰੋੜ ਸਾਲ ਪੁਰਾਣਾ ਡਾਇਨਾਸੌਰ ਦਾ ਪਿੰਜਰ

ਪੈਰਿਸ- ਪੈਰਿਸ 'ਚ ਕੁਝ ਸਾਲ ਪਹਿਲਾਂ ਦੁਨੀਆਂ ਦੇ ਹੁਣ ਤਕ ਦੇ ਸਭ ਤੋਂ ਵੱਡੇ ਟ੍ਰਾਈਸੇਰਾਟੋਪਸ ਫ਼ਾਸਿਲ ਦੀ ਖੋਜ ਕੀਤੀ ਗਈ ਸੀ। 66 ਮਿਲੀਅਨ ਸਾਲ ਪੁਰਾਣੇ ਇਸ ਵਿਸ਼ਾਲ ਪਿੰਜਰ ਦਾ ਨਾਂ 'ਬਿੱਗ ਜੌਨ' ਰੱਖਿਆ ਗਿਆ ਸੀ। ਇੱਕ ਨਿਲਾਮੀ ਵਿੱਚ ਇਹ ਫ਼ਾਸਿਲ 6.6 ਮਿਲੀਅਨ ਯੂਰੋ ਯਾਨੀ ਤਕਰੀਬਨ 52 ਕਰੋੜ ਰੁਪਏ ਵਿੱਚ ਵਿੱਕਿਆ ਹੈ। ਪੈਰਿਸ ਦੇ ਡਰੌਟ ਨਿਲਾਮੀ ਘਰ ਵਿੱਚ ਬਿੱਗ ਜੌਨ ਦੇ ਜੀਵਾਸਮ, ਉਲਕਾਪਿੰਡਾਂ ਅਤੇ ਹੋਰ ਕੁਦਰਤੀ ਇਤਿਹਾਸ ਦੀਆਂ ਕਲਾਕ੍ਰਿਤੀਆਂ ਦਾ ਖਜ਼ਾਨਾ ਨਿਲਾਮੀ ਲਈ ਰੱਖਿਆ ਗਿਆ ਸੀ। ਇਸ ਪਿੰਜਰ ਦੀ ਖੋਜ ਪਹਿਲੀ ਵਾਰ ਭੂ-ਵਿਗਿਆਨੀ ਵਾਲਟਰ ਡਬਲਿਊ. ਸਟੀਨ ਬਿਲ ਨੇ 2014 ਵਿੱਚ ਕੀਤੀ ਸੀ। ਮੰਨਿਆ ਜਾਂਦਾ ਹੈ ਕਿ ਡਾਇਨਾਸੌਰ ਲਾਰਾਮੀਡੀਆ ਵਿੱਚ ਰਹਿੰਦਾ ਸੀ, ਜੋ ਇੱਕ ਵਿਸ਼ਾਲ, ਪ੍ਰਾਚੀਨ ਮਹਾਂਦੀਪ ਹੈ, ਜੋ ਅੱਜ ਅਲਾਸਕਾ ਅਤੇ ਮੈਕਸੀਕੋ ਦੇ



ਵਿਚਕਾਰ ਫ਼ੈਲਿਆ ਹੋਇਆ ਹੈ। ਖੁਦਾਈ ਤੋਂ ਬਾਅਦ, ਡਾਇਨਾਸੌਰ ਦੇ ਅਵਸ਼ੇਸਾਂ ਨੂੰ ਇਟਲੀ ਵਿੱਚ ਰੱਖਿਆ ਗਿਆ ਅਤੇ ਫ਼ਿਰ ਜੋੜ ਕੇ ਦੇਖਿਆ ਗਿਆ। ਇਸ ਨਾਲ ਪੁਰਾਤੱਤਵ-ਵਿਗਿਆਨੀਆਂ ਲਈ ਇਸ ਦਾ ਅਸਲੀ ਆਕਾਰ ਦੇਖਣਾ ਆਸਾਨ ਹੋ ਗਿਆ। ਮਾਹਿਰਾਂ ਨੇ ਵੀ ਅਜਿਹੀਆਂ ਨਿਲਾਮੀ 'ਤੇ ਚਿੰਤਾ ਪ੍ਰਗਟਾਈ ਹੈ। ਇੱਕ ਨਿਲਾਮੀ ਘਰ ਨੇ ਕਿਹਾ ਕਿ ਨਿੱਜੀ ਹੱਥਾਂ ਨੂੰ ਜੀਵਾਸਮ ਦੇ ਨਮੂਨੇ ਵੇਚਣ ਨਾਲ ਸੰਭਾਵੀ ਤੌਰ 'ਤੇ ਉਹ ਵਿਗਿਆਨ ਲਈ 'ਗੁੰਮ' ਹੋ ਜਾਂਦੇ ਹਨ। ਨਿੱਜੀ ਮਲਕੀਅਤ ਵਾਲੇ ਨਮੂਨਿਆਂ ਵਿੱਚ ਮੌਜੂਦ ਜਾਣਕਾਰੀ ਤੱਕ ਭਵਿੱਖ ਦੀ ਪਹੁੰਚ ਦੀ ਗਾਰੰਟੀ ਨਹੀਂ ਦਿੱਤੀ ਜਾ ਸਕਦੀ, ਜਿਸ ਨਾਲ ਵਿਗਿਆਨਕ ਦਾਅਵਿਆਂ ਦੀ ਪੁਸ਼ਟੀ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਬਿੱਗ ਜੌਨ ਦੀ ਖੋਪੜੀ 9 ਫ਼ੁੱਟ ਲੰਬੀ ਅਤੇ ਸਾਢੇ 6 ਫ਼ੁੱਟ ਚੌੜੀ ਹੈ। ਡਾਇਨਾਸੌਰ ਦਾ ਪਿੰਜਰ 60 ਪ੍ਰਤੀਸ਼ਤ ਤੋਂ ਵੱਧ ਪੂਰਾ ਹੈ। ਬ੍ਰਿਟੇਨ ਦੇ ਨੈਚੁਰਲ ਹਿਸਟਰੀ ਮਿਊਜ਼ੀਅਮ ਦੇ ਅਨੁਸਾਰ, ਟ੍ਰਾਈਸੇਰਾਟੋਪਸ ਦੀ ਖੋਪੜੀ ਇੱਕ 'ਵਿਕਾਸਵਾਦੀ ਜਿੱਤ' ਹੈ ਅਤੇ ਸਾਰੇ ਧਰਤੀ ਦੇ ਜਾਨਵਰਾਂ ਨਾਲੋਂ 'ਸਭ ਤੋਂ ਵੱਖਰੀ' ਹੈ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਡਾਇਨਾਸੌਰ ਦਾ ਪਿੰਜਰ ਇੰਨਾ ਮਹਿੰਗਾ ਵਿਕਿਆ ਹੋਵੇ। ਇਸ ਤੋਂ ਪਹਿਲਾਂ ਸਤੰਬਰ 2020 ਵਿੱਚ 'ਸਟੈਨ' ਨਾਮ ਦੇ ਇੱਕ ਟਾਇਰਨੋਸੋਰਸ ਰੇਕਸ ਦਾ ਪਿੰਜਰ 31.8 ਮਿਲੀਅਨ ਡਾਲਰ ਵਿੱਚ ਵੇਚਿਆ ਗਿਆ ਸੀ।

Solid like a Rock

# Looking to Buy/Sell ?

## We know the difference between Home & House

## Honesty, Integrity & Experience



Specializing in Investment & Income Producing Real Estate

# Nlight Real Estate

## Tel:516 NLIGHT4



Sharanjit Singh Thind
Real Estate Broker/Notary Public



Since 2007

180 Broadway, PH 3A, Hicksville NY 11801
Email: homes@nlightrealestate.com
www.nlightrealestate.com

# ਧਰਤੀ ਹੇਠਲੇ ਪਾਣੀ ਤੇ ਕੁਦਰਤੀ ਪਾਣੀ ਨੂੰ ਬਰਬਾਦ ਹੋਣ ਤੋਂ ਰੋਕਣਾ ਜ਼ਰੂਰੀ



ਸਿਰਜਣਹਾਰ ਨੇ ਦੁਨੀਆ ਨੂੰ ਬੜੇ ਸੋਹਣੇ ਤਰੀਕੇ ਨਾਲ ਸਿਰਜਿਆ ਹੈ। ਵੱਖ-ਵੱਖ ਖਿੱਤਿਆਂ ਲਈ ਵੱਖ-ਵੱਖ ਧਰਤੀਆਂ, ਮੌਸਮਾਂ, ਰੁੱਤਾਂ, ਫ਼ਸਲਾਂ ਲਈ ਅਨੁਕੂਲ ਵਾਤਾਵਰਨ ਦਿੱਤਾ ਹੈ। ਜੇ ਕਿਧਰੇ ਉੱਚੇ-ਉੱਚੇ ਪਹਾੜ ਹਨ ਤਾਂ ਦੂਜੇ ਪਾਸੇ ਸਮੁੰਦਰ ਸੁੰਦਰਤਾ ਦਾ ਹਿੱਸਾ ਬਣਦੇ ਹਨ। ਕਿਧਰੇ ਮੈਦਾਨੀ ਖੇਤਰ ਹਨ ਤਾਂ ਦੂਜੇ ਪਾਸੇ ਉੱਚੇ ਲੰਮੇ ਟਿੱਬੇ ਰੇਗਿਸਤਾਨ ਦੇ ਰੂਪ ਵਿਚ ਕੁਦਰਤ ਦੀ ਸੁੰਦਰਤਾ ਦਾ ਇਜ਼ਹਾਰ ਕਰਦੇ ਹਨ, ਕਿਧਰੇ ਦਰਿਆ ਵਗਦੇ ਹਨ ਤਾਂ ਕਿਧਰੇ ਬਾਰਿਸ਼ਾਂ ਦੇ ਇਕੱਤਰ ਹੋਏ ਪਾਣੀ ਨਾਲ ਲੰਮੇ-ਚੌੜੇ ਤਲਾਬ ਵੇਖਣ ਨੂੰ ਮਿਲਦੇ ਹਨ। ਵੱਖੋ-ਵੱਖ ਖਿੱਤਿਆਂ ਦੇ ਲੋਕਾਂ ਲਈ ਉਥੋਂ ਦੀ ਲੋੜ ਮੁਤਾਬਿਕ ਖਾਣ-ਪੀਣ ਦੀਆਂ ਵਸਤਾਂ ਅਤੇ ਫਲਾਂ ਦੀ ਪੈਦਾਵਾਰ ਦਾ ਪ੍ਰਬੰਧ, ਵੱਖੋ-ਵੱਖ ਧਰਤੀਆਂ ਦੀਆਂ ਲੋੜਾਂ ਮੁਤਾਬਿਕ ਨਦੀਆਂ, ਦਰਿਆਵਾਂ, ਝੀਲਾਂ ਜਾਂ ਬਾਰਿਸ਼ਾਂ ਦੇ ਰੂਪ ਵਿਚ ਰਹਿਣ ਸਹਿਣ ਲਈ ਲੋੜੀਂਦੇ ਪਾਣੀ ਦਾ ਪ੍ਰਬੰਧ ਕੀਤਾ ਹੈ।ਜੇਕਰ ਪੰਜਾਬ, ਹਰਿਆਣਾ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਰਾਜਾਂ ਵਿਚ ਉਸ ਵਕਤ ਦੇ ਜ਼ਿਲ੍ਹੇ ਫ਼ਿਰੋਜ਼ਪੁਰ, ਬਠਿੰਡਾ, ਹਿਸਾਰ ਤੇ ਹਰਿਆਣਾ ਪੰਜਾਬ ਦੇ ਹੋਰਨਾਂ ਹਿੱਸਿਆਂ ਵਿਚ ਤਕਰੀਬਨ ਉੱਚੀਆਂ ਨੀਵੀਆਂ ਰੇਤਲੀਆਂ ਟਿੱਬਿਆਂ ਵਾਲੀਆਂ ਜ਼ਮੀਨਾਂ ਸਨ। ਇਨ੍ਹਾਂ ਜ਼ਮੀਨਾਂ ਵਿਚ ਉਸ ਸਮੇਂ ਦੀਆਂ ਰਵਾਇਤੀ ਫ਼ਸਲਾਂ ਛੋਲੇ, ਜੌਂ, ਸਰ੍ਹੋਂ, ਤੋਰੀਆ ਆਦਿ ਬੀਜੀਆਂ ਜਾਂਦੀਆਂ ਸਨ, ਜੋ ਬਹੁਤ ਘੱਟ ਮਾਤਰਾ ਵਿਚ ਪਾਣੀ ਲੈਂਦੀਆਂ ਸਨ। ਬਹੁਤੀਆਂ ਫ਼ਸਲਾਂ ਬਾਰਿਸ਼ਾਂ ਨਾਲ ਵੀ ਪਲ ਜਾਂਦੀਆਂ ਸਨ ਤੇ ਨਹਿਰੀ ਪਾਣੀ ਦੀ ਵਰਤੋਂ ਬਹੁਤ ਘੱਟ ਕਰਨੀ ਪੈਂਦੀ ਸੀ। ਜਿਥੇ ਇਨ੍ਹਾਂ ਫ਼ਸਲਾਂ ਨੂੰ ਘੱਟ ਪਾਣੀ ਦੀ ਜ਼ਰੂਰਤ ਹੁੰਦੀ ਸੀ, ਉਥੇ ਮਜ਼ਦੂਰੀ ਤੇ ਹੋਰ ਸਮੱਗਰੀਆਂ ਭਾਵ ਸਪਰੇਅ, ਖਾਦਾਂ ਤੇ ਵੀ ਖ਼ਰਚੇ ਨਹੀਂ ਸਨ ਹੁੰਦੇ। ਇਨ੍ਹਾਂ ਰਵਾਇਤੀ ਫ਼ਸਲਾਂ ਨਾਲ ਉਨ੍ਹਾਂ ਸਮਿਆਂ ਵਿਚ ਲੋਕਾਂ ਨੂੰ ਘਰਾਂ ਵਿਚ ਪਸ਼ੂ ਰੱਖਣ ਦਾ ਰਿਵਾਜ ਹੁੰਦਾ ਸੀ, ਭਾਵ ਦੁੱਧ, ਘਿਓ ਲਈ ਮੱਝਾਂ ਗਾਂਵਾਂ ਤੇ ਖੇਤੀ ਦੇ ਕੰਮਾਂ ਲਈ ਬਲਦ ਤੇ ਊਠ ਰੱਖੇ ਜਾਂਦੇ ਸਨ। ਘਰਾਂ ਵਿਚ ਖਾਣ-ਪੀਣ ਵਾਲੀਆਂ ਬਹੁਤੀਆਂ ਗਰਜ਼ਾਂ ਇਨ੍ਹਾਂ ਫ਼ਸਲਾਂ ਤੋਂ ਹੀ ਪੂਰੀਆਂ ਹੋ ਜਾਂਦੀਆਂ ਸਨ ਤੇ ਉਸ ਵਕਤ ਲੋਕ ਕਿਸੇ ਵੀ ਲਾਲਚ ਨੂੰ ਤਿਆਗ ਕੇ ਵੱਧ ਫ਼ਸਲਾਂ ਲੈਣ ਲਈ ਸਪਰੇਅ ਤੇ ਰਸਾਇਣਕ ਖਾਂਦਾਂ ਆਪਣੇ ਖੇਤਾਂ ਵਿਚ ਪਾਉਣ ਤੋਂ ਗੁਰੇਜ਼ ਕਰਦੇ ਸਨ। ਘਰਾਂ ਵਿਚ ਪਸ਼ੂਆਂ ਦੇ ਗੋਹੇ ਤੇ ਮਲ ਮੂਤਰ ਨੂੰ ਖੇਤਾਂ ਵਿਚ ਪਾਇਆ ਜਾਂਦਾ ਸੀ।

ਪਿਛਲੇ ਕੁਝ ਸਾਲਾਂ ਦੌਰਾਨ ਇਸ ਇਲਾਕੇ ਦੇ ਕਿਸਾਨਾਂ ਨੇ ਵੱਧ ਝਾੜ ਤੇ ਵੱਧ ਮੁਨਾਫ਼ੇ ਲੈਣ ਲਈ ਕੁਦਰਤ ਨਾਲ ਜੋ ਖਿਲਵਾੜ ਕੀਤਾ, ਉਸ ਦੇ ਮਾੜੇ ਨਤੀਜੇ ਲੋਕ ਹੁਣ ਭੁਗਤ ਰਹੇ ਹਨ ਤੇ ਆਉਣ ਵਾਲੀ ਪੀੜ੍ਹੀ ਉਸ ਭਿਆਨਕ ਦੌਰ ਵਿਚ ਬੁਰੀ ਤਰ੍ਹਾਂ ਫਸ ਜਾਵੇਗੀ। ਲੋਕਾਂ ਨੇ ਕੁਦਰਤ ਵਲੋਂ ਦਿੱਤੇ ਟਿੱਬੇ ਤੇ ਨੀਵੀਆਂ ਥਾਵਾਂ ਨੂੰ ਪੱਧਰਾ ਕਰਕੇ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਸ਼ੁਰੂ ਕੀਤੀ ਤੇ ਕੁਝ ਅਜਿਹੀਆਂ ਫ਼ਸਲਾਂ ਬੀਜਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਦਾ ਇਸ ਧਰਤੀ ਨਾਲ ਕੋਈ ਸੁਮੇਲ ਨਹੀਂ ਹੈ। ਝੋਨੇ ਵਰਗੀਆਂ ਫ਼ਸਲਾਂ ਜੋ ਰਵਾਇਤੀ ਫ਼ਸਲਾਂ ਨਹੀਂ ਸਨ, ਨੂੰ ਬੀਜ ਕੇ ਲੋਕਾਂ ਨੇ ਨਹਿਰੀ ਪਾਣੀ ਨੂੰ ਬੁਰੀ ਤਰ੍ਹਾਂ ਬਰਬਾਦ ਕੀਤਾ ਤੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਧੜਾਧੜ ਬੋਰ ਲਾ ਕੇ ਧਰਤੀ ਹੇਠਲੇ ਪਾਣੀ ਦੀ ਅੰਨ੍ਹੀ ਵਰਤੋਂ ਕਰਨ ਨਾਲ ਅੱਜ ਖ਼ਾਸ ਕਰਕੇ ਪੰਜਾਬ ਵਿਚ ਪਾਣੀ ਤੇ ਬਿਜਲੀ ਦੀ ਭਾਰੀ ਕਮੀ ਪੈਦਾ ਹੋ ਗਈ ਹੈ।ਉਪਰੋਕਤ ਸਥਿਤੀਆਂ ਦੇ ਕਾਰਨ ਮੌਸਮ ਵਿਚ ਭਾਰੀ ਤਬਦੀਲੀ ਆ ਗਈ ਹੈ ਜਿਸ ਕਰਕੇ ਕਈ ਨਵੀਆਂ ਬਿਮਾਰੀਆਂ ਦੀ ਲਪੇਟ ਵਿਚ ਲੋਕ ਆ ਗਏ ਹਨ। ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਨੂੰ ਪਾਲਣ ਲਈ ਬਾਰਿਸ਼ਾਂ ‘ਤੇ ਨਿਰਭਰ ਹੋਣਾ ਪੈ ਰਿਹਾ ਹੈ ਤੇ ਪਿਛਲੇ ਕੁਝ ਸਮੇਂ ਤੋਂ ਔਸਤ ਮੁਤਾਬਿਕ ਬਾਰਿਸ਼ਾਂ ਦਾ ਘੱਟ ਪੈਣਾ ਵੀ ਲੋਕਾਂ ਵਲੋਂ ਅੰਨ੍ਹੇਵਾਹ ਦਰੱਖਤਾਂ ਦੀ ਪੁਟਾਈ ਤੇ ਖਾਦਾਂ ਤੇ ਸਪਰੇਆਂ ਕਰਕੇ ਵਧਾਏ ਪ੍ਰਦੂਸ਼ਣ ਨੂੰ ਮੰਨਿਆ ਜਾ ਸਕਦਾ ਹੈ। ਦੂਜੇ ਪਾਸੇ ਵਾਤਾਵਰਨ ਦਾ ਸੰਤੁਲਨ ਵਿਗੜਨ ਨਾਲ ਪਿਛਲੇ ਸਮੇਂ ਤੋਂ ਕੁਝ ਪ੍ਰਦੇਸ਼ਾਂ ਵਿਚ ਹੜ੍ਹਾਂ ਤੇ ਤੂਫ਼ਾਨਾਂ ਦੇ ਸਿਲਸਿਲੇ ਵਿਚ ਵਾਧਾ ਕੀਤਾ ਹੈ। ਇਹ ਸਭ ਮਨੁੱਖ ਵਲੋਂ ਅਪਣਾਏ ਅਖੌਤੀ ਤਰੱਕੀ ਦੇ ਦੁਰਪ੍ਰਭਾਵਾਂ ਦਾ ਹੀ ਪ੍ਰਤੀਕਰਮ ਹੈ। ਪਿਛਲੇ ਸਾਲਾਂ ਤੋਂ ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਕੀਤੀ ਵਰਤੋਂ ਨੇ ਅੱਜ ਜੋ ਹਾਲਾਤ ਪੈਦਾ ਕੀਤੇ ਹਨ, ਉਸ ਤੋਂ ਹਰ ਮਨੁੱਖ ਭਲੀਭਾਂਤ ਜਾਣੂ ਹੈ। ਜੇਕਰ ਧਰਤੀ ਹੇਠਲੇ ਪਾਣੀ ਤੇ ਕੁਦਰਤੀ ਪਾਣੀ ਨੂੰ ਬਰਬਾਦ ਹੋਣ ਤੋਂ ਨਾ ਰੋਕਿਆ ਗਿਆ ਤਾਂ ਪੰਜਾਬ ਬੜੀ ਜਲਦੀ ਬਰਬਾਦੀ ਵੱਲ ਵਧ ਸਕਦਾ ਹੈ।

# ਅਮਰੀਕਾ, ਇਸਰਾਈਲ ਅਤੇ ਯੂ. ਏ. ਈ. ਨਾਲ ਭਾਰਤ ਦਾ ਨਵਾਂ ਗਠਜੋੜ

ਭਾਰਤ, ਇਸਰਾਈਲ, ਸੰਯੁਕਤ ਅਰਬ ਅਮੀਰਾਤ ਅਤੇ ਅਮਰੀਕਾ ਦੇ ਵਿਦੇਸ਼ ਮੰਤਰੀਆਂ ਦੀ ਅਕਤੂਬਰ ’ਚ ਹੋਈ ਮੁਲਾਕਾਤ ਨੂੰ ਮੱਧ ਪੂਰਬ ’ਚ ਇਕ ਨਵੇਂ ਜੰਗੀ ਅਤੇ ਸਿਆਸੀ ਧਰੁਵ ਵਜੋਂ ਦੇਖਿਆ ਜਾ ਰਿਹਾ ਹੈ।

ਹਾਲਾਂਕਿ, ਅਜੇ ਇਨ੍ਹਾਂ ਦੇਸ਼ਾਂ ਨੇ ਇਕ ਨਵੇਂ ਸਾਂਝੇ ਟਾਸਕ ਫੋਰਸ ਦੀ ਸਥਾਪਨਾ ਲਈ ਹੀ ਆਪਣੀ ਸਹਿਮਤੀ ਦਿੱਤੀ ਹੈ ਪਰ ਡਿਪਲੋਮੈਟਿਕ ਖੇਤਰਾਂ ’ਚ ਇਨ੍ਹਾਂ ਦੇਸ਼ਾਂ ਨਾਲ ਆਉਣ ਦੀ ਤੁਲਨਾ ‘ਕਵਾਡ’ ਭਾਵ ‘ਕਵਾਡੀਲੈਟਰਲ ਸਕਿਓਰਿਟੀ ਡਾਇਲਾਗ’ ਤੋਂ ਹੋਣ ਲੱਗੀ ਹੈ ਜੋ ਅਮਰੀਕਾ, ਆਸਟ੍ਰੇਲੀਆ ਅਤੇ ਜਾਪਾਨ ਨਾਲ ਭਾਰਤ ਦਾ ਗਠਜੋੜ ਹੈ।

ਭਾਰਤ, ਇਸਰਾਈਲ, ਅਮਰੀਕਾ ਅਤੇ ਸੰਯੁਕਤ ਅਰਬ ਅਮੀਰਾਤ (ਯੂ. ਏ. ਈ.) ਦੇ ਇਸ ਗਠਜੋੜ ਨੂੰ ‘ਨਿਊ ਕਵਾਡ’ ਕਿਹਾ ਜਾ ਰਿਹਾ ਹੈ। ਇਨ੍ਹਾਂ ਦੇਸ਼ਾਂ ਨੇ ਪੱਛਮੀ ਏਸ਼ੀਆ ਸਮੇਤ ਏਸ਼ੀਆ ਦੇ ਪ੍ਰਮੁੱਖ ਆਰਥਿਕ ਅਤੇ ਕੌਮਾਂਤਰੀ ਮੁੱਦਿਆਂ ’ਤੇ ਮਿਲ ਕੇ ਤਾਲਮੇਲ ਨਾਲ ਕੰਮ ਕਰਨ ਦਾ ਫੈਸਲਾ ਕੀਤਾ ਹੈ।ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਇਸ ਗਠਜੋੜ ਦਾ ਨਿਚੋੜ ਦੱਸਦੇ ਹੋਏ ਕਿਹਾ ਕਿ ਊਰਜਾ, ਪੌਣ-ਪਾਣੀ, ਵਪਾਰ ਅਤੇ ਸੁਰੱਖਿਆ ਨੂੰ ਲੈ ਕੇ ਚਾਰਾਂ ਦੇਸ਼ਾਂ ਦੇ ਸਾਂਝੇ ਹਿੱਤ ਹਨ। ਇਕ ਟਵੀਟ ’ਚ ਉਨ੍ਹਾਂ ਕਿਹਾ, “ਇਹ ਬੈਠਕ ਆਪਣੇ-ਆਪਣੇ ਖੇਤਰਾਂ ਅਤੇ ਵਿਸ਼ਵ ਲਈ ਚਿੰਤਾ ਦਾ ਵਿਸ਼ਾ ਬਣੇ ਮੁੱਦਿਆਂ ਅਤੇ ਸਾਡੇ ਆਰਥਿਕ ਅਤੇ ਸਿਆਸੀ ਸਹਿਯੋਗ ਦੇ ਪਸਾਰ ਦੀ ਅਹਿਮੀਅਤ ’ਤੇ ਕੇਂਦਰਿਤ ਰਹੀ।”

ਵਰਣਨਯੋਗ ਹੈ ਕਿ ਅਮਰੀਕਾ, ਆਸਟ੍ਰੇਲੀਆ, ਜਾਪਾਨ ਅਤੇ ਭਾਰਤ ਦੇ ‘ਕਵਾਡ’ ਗਠਜੋੜ ਦੀ ਸ਼ੁਰੂਆਤ ਵੀ ਇਸੇ ਤਰ੍ਹਾਂ ਆਮ ਗੱਲਬਾਤ ਦੇ ਦੌਰ ਨਾਲ ਹੀ ਹੋਈ ਸੀ।

ਇਸ ਤੋਂ ਪਹਿਲਾਂ ਲੰਬੇ ਸਮੇਂ ਤੋਂ ਖੇਤਰੀ ਮੁੱਦਿਆਂ ’ਤੇ ਅਮਰੀਕਾ, ਇਸਰਾਈਲ ਅਤੇ ਫਾਰਸ ਦੀ ਖਾੜੀ ਦੇ ਹੋਰਨਾਂ ਦੇਸ਼ਾਂ ਨਾਲੋਂ ਦੂਰੀ ਬਣਾਈ ਰੱਖਣੀ ਮੱਧ ਪੂਰਬ ’ਚ ਭਾਰਤ ਦੀ ਨੀਤੀ ਰਹੀ ਹੈ। ਇਹ ਨਵਾਂ ‘ਕਵਾਡ’ ਕਈ ਅਰਥਾਂ ’ਚ ਭਾਰਤ ਦੀ ਬਦਲਦੀ ਵਿਵਹਾਰਕ ਵਿਦੇਸ਼ ਨੀਤੀ ਦਾ ਨਤੀਜਾ ਹੈ।

ਕੁਲ ਮਿਲਾ ਕੇ ਇਸ ਗਠਜੋੜ ਦਾ ਮੰਤਵ ਅੱਤਵਾਦ ਦਾ ਮੁਕਾਬਲਾ ਕਰਨ ਅਤੇ ‘ਵਿਧੀ ਦਾ ਸ਼ਾਸਨ’ ਕਾਇਮ ਕਰਨ ਲਈ ਇਕਮੁੱਠ ਹੋਣਾ ਹੈ। ਪੁਰਾਣੇ ਜ਼ਮਾਨੇ ’ਚ ਮੱਧ ਪੂਰਬ ‘ਥਾਨ’ ਨਾਂ ਵਾਲੇ ਦੇਸ਼ਾਂ ਕਜ਼ਾਕਸਥਾਨ, ਉਜ਼ਬੇਕਿਸਥਾਨ ਆਦਿ ਦੀ ਮੌਜੂਦਗੀ ਉਨ੍ਹਾਂ ’ਤੇ ਭਾਰਤੀ ਪ੍ਰਭਾਵ ਦੀ ਸੂਚਕ ਹੈ।20ਵੀਂ ਸਦੀ ਦੇ ਅੱਧ ’ਚ ਉੱਪ-ਨਿਵੇਸ਼ਕ ਭਾਰਤ ਨੇ ਹਿੰਦ-ਮਹਾਸਾਗਰ ਅਤੇ ਉਸ ਦੇ ਆਸਪਾਸ ਦੇ ਖੇਤਰਾਂ ’ਚ ਬਰਤਾਨਵੀ ਪ੍ਰਭੁੱਤਵ ’ਚ ਇਕ ਅਹਿਮ ਭੂਮਿਕਾ ਨਿਭਾਈ। ਇਸ ਨੇ ਉਹ ਆਧਾਰ ਪ੍ਰਦਾਨ ਕੀਤਾ ਜਿਸ ਕਾਰਨ ਬਰਤਾਨੀਆ ਆਪਣੇ ਸਾਮਰਾਜ ਨੂੰ ਕੰਟਰੋਲ ਅਤੇ ਉਸ ਦਾ ਬਚਾਅ ਕਰ ਸਕੇ। ਬਰਤਾਨੀਆ ਇਕ ਖੇਤਰੀ ਸੁਰੱਖਿਆ ਵਿਵਸਥਾ ਬਣਾਈ ਰੱਖਣਾ ਚਾਹੁੰਦਾ ਸੀ। ਭਾਰਤ ਨੇ ਬਰਤਾਨੀਆ ਨੂੰ ਏਸ਼ੀਆ ਦੇ ਵੱਡੇ ਹਿੱਸੇ ਨੂੰ ਸਥਿਰ ਕਰਨ ਲਈ, ਚੀਨ ’ਚ ਬਾਕਸਰ ਵਿਦਰੋਹ ਨੂੰ ਘੱਟ ਕਰਨ ਤੋਂ ਲੈ ਕੇ ਮੱਧ ਪੂਰਬ ’ਚ ਓਟੋਮਨ ਸਾਮਰਾਜ ਨਾਲ ਲੜਨ ਅਤੇ ਜਾਪਾਨ ਨੂੰ ਹਰਾਉਣ ਲਈ ਫੌਜੀ ਸੋਮੇ, ਜਨਸ਼ਕਤੀ, ਸਪਲਾਈ ਅਤੇ ਧਨ ਪ੍ਰਵਾਨ ਕੀਤਾ।

ਉਸ ਭੂਮਿਕਾ ਦੀ ਯਾਦ ਦਿਵਾਉਂਦੇ ਹੋਏ ਭਾਰਤੀ ਵਿਦੇਸ਼ ਮੰਤਰੀ ਜੈ ਸ਼ੰਕਰ ਨੇ ਪਹਿਲੀ ਵਿਸ਼ਵ ਜੰਗ ਦੌਰਾਨ ਆਪਣੀ ਜਾਨ ਦੇਣ ਵਾਲੇ ਭਾਰਤੀ ਫੌਜੀਆਂ ਦੀਆਂ ਕਬਰਾਂ ’ਤੇ ਮਾਲਾ ਅਰਪਿਤ ਕਰ ਕੇ ਇਸਰਾਈਲ ਦੀ ਆਪਣੀ ਯਾਤਰਾ ਸ਼ੁਰੂ ਕੀਤੀ। ਲਗਭਗ 900 ਭਾਰਤੀ ਫੌਜੀ ਯੇਰੂਸ਼ਲਮ ’ਚ ਦਫਨ ਹਨ। ਇਹੀ ਨਹੀਂ, ਵਿਸ਼ਵ ਜੰਗ ’ਚ ਇਸਰਾਈਲ ਨਾਲ ਲੜਨ ਵਾਲੇ ਭਾਰਤੀ ਫੌਜੀਆਂ ਦੀ ਯਾਦ ’ਚ ਉਥੇ ਬਣਾਇਆ ਗਿਆ ਇਕ ਪਾਰਕ ਵੀ ਹੈ ਜੋ ਇਸ ਗੱਲ ਦਾ ਸੰਕੇਤ ਹੈ ਕਿ ਭਾਰਤੀ ਫੌਜੀ ਇਸ ਖੇਤਰ ’ਚ ਆਪਣਾ ਪ੍ਰਭਾਵ ਰੱਖਦੇ ਸਨ। ਦੋ ਵਿਸ਼ਵ ਜੰਗਾਂ ਸਮੇਤ ਮੱਧ ਪੂਰਬ ’ਚ ਬਰਤਾਨਵੀ ਭਾਰਤੀ ਫੌਜ ਦੀ ਭੂਮਿਕਾ ਇਕ ਵਿਸਤ੍ਰਿਤ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਭਾਰਤੀ ਸਰਕਾਰਾਂ ਬਰਤਾਨਵੀ ਭਾਰਤੀ ਫੌਜ ਦੀ ਕੌਮਾਂਤਰੀ ਭੂਮਿਕਾ ਨੂੰ ਸਵੀਕਾਰ ਕਰਨ ਲਈ ਇੱਛੁਕ ਨਹੀਂ ਸਨ। ਇਨ੍ਹਾਂ ’ਚ ਲਗਭਗ 25 ਲੱਖ ਭਾਰਤੀ ਫੌਜੀ ਸ਼ਾਮਲ ਸਨ। 17ਵੀਂ ਤੋਂ 20ਵੀਂ ਸਦੀ ਤਕ ਭਾਰਤ ਅਤੇ ਮੱਧ ਪੂਰਬ ਦਰਮਿਆਨ ਗੂੜ੍ਹੇ ਵਪਾਰਕ ਅਤੇ ਫੌਜੀ ਸੰਬੰਧਾਂ ਨੂੰ ਭਾਰਤ ਅਤੇ ਵਿਦੇਸ਼ਾਂ ’ਚ ਕਈ ਦਰਸ਼ਕਾਂ ਨੇ ਉਪ-ਨਿਵੇਸ਼ਕ ਸੰਦਰਭ ਨਾਲ ਕਲੰਕਿਤ ਕਹਿ ਕੇ ਰੱਦ ਕਰ ਦਿੱਤਾ। ਅੱਜ ਅਸੀਂ ਜੋ ਦੇਖ ਰਹੇ ਹਾਂ, ਉਹ ਸਵੇਜ ਨਹਿਰ ਤੋਂ ਦੱਖਣੀ ਚੀਨ ਸਾਗਰ ਤੱਕ ਭਾਰਤ ਅਤੇ ਅੱਜ ਦੀ ਪ੍ਰਮੁੱਖ ਪੱਛਮੀ ਸ਼ਕਤੀ ਅਮਰੀਕਾ ਦਰਮਿਆਨ ਉਨ੍ਹਾਂ ਸੰਬੰਧਾਂ ਦੀ ਮੁੜ ਸਥਾਪਨਾ ਹੈ ਪਰ ਉਪ-ਨਿਵੇਸ਼ਕ ਯੁੱਗ ਦੇ ਉਲਟ ਭਾਰਤ ਇਸ ਖੇਤਰ ’ਚ ਇਕ ਆਜ਼ਾਦ ਅਭਿਨੇਤਾ ਵਜੋਂ ਆਪਣੀ ਸਿਆਸੀ ਏਜੰਸੀ ਨਾਲ ਵਾਪਸ ਆ ਰਿਹਾ ਹੈ।

ਭਾਰਤ ਦੂਜੇ ਦੇਸ਼ ਦੇ ਸਾਮਰਾਜ ਨੂੰ ਬਣਾਈ ਰੱਖਣ ’ਚ ਮਦਦ ਨਹੀਂ ਕਰ ਰਿਹਾ ਸਗੋਂ ਇਸ ਖੇਤਰ ’ਚ ਆਪਣੇ ਹਿੱਤਾਂ ਨੂੰ ਅੱਗੇ ਵਧਾ ਰਿਹਾ ਹੈ।ਸ਼ੁਰੂ ’ਚ ਇਸ ‘ਕਵਾਡ’ ਦਾ ਧਿਆਨ ਰਣਨੀਤਕ ਮੁੱਦਿਆਂ ਦੀ ਬਜਾਏ ਆਰਥਿਕ ਮੁੱਦਿਆਂ ’ਤੇ ਹੋਵੇਗਾ। ਇਸ ਖੇਤਰ ’ਚ ਭਾਰਤੀ ਬਾਜ਼ਾਰ, ਅਮੀਰਾਤੀ ਧਨ, ਇਸਰਾਈਲੀ ਤਕਨੀਕ ਅਤੇ ਇਲਾਕੇ ’ਚ ਅਮਰੀਕਾ ਦੇ ਦਬਦਬੇ ਦਰਮਿਆਨ ਕਾਫੀ ਤਾਲਮੇਲ ਹੈ।ਭਾਰਤ ਨੇ ਹੁਣੇ ਜਿਹੇ ਹੀ ਯੂ. ਏ. ਈ. ਅਤੇ ਇਸਰਾਈਲ ਦੋਹਾਂ ਨਾਲ ਆਪਣੀ ਮੁਕਤ ਵਪਾਰ ਵਾਰਤਾ ਨੂੰ ਫਿਰ ਤੋਂ ਸ਼ੁਰੂ ਕੀਤਾ ਅਤੇ ਅਮਰੀਕਾ ਭਾਰਤ ਦਾ ਸਭ ਤੋਂ ਅਹਿਮ ਆਰਥਿਕ ਭਾਈਵਾਲ ਬਣ ਗਿਆ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੋਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)
Address :
P.O Box 7005 Hicksville New York 11801
Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# Thinking of Buying/Selling ?

WIN ZONE
Realty Inc.

WIN ZONE REALTY INC.



# Baldev Singh

Associate Broker/Notary Public

146-20 34 av. Flushing NY 11354

Cell : 917-224-7395

Email : josanbaldev@yahoo.com


Insurance
Solid like a Rock
Are you paying too much for Auto, Home, Business, Workman Compensation, Contractors, General Liability, E&O ?
Call us today for complimentary analysis of your policy.
Tel: 516-654-4488
Sharanjit Singh Thind
Licensed P&C Insurance Broker/ Notary Public
(Service with Honesty & Smile, Since 2012)
insure@nlightfin.com www.nlightfin.com

# ਸਬਜ਼ੀਆਂ ਦੀਆਂ ਵਧੀਆਂ ਕੀਮਤਾਂ ਕਾਰਨ ਚੀਨੀ ਨਾਗਰਿਕ ਪ੍ਰਭਾਵਿਤ, ਸਰਕਾਰ ਨੇ ਜਾਰੀ ਕੀਤੇ ਨਿਰਦੇਸ਼

ਬੀਜਿੰਗ - ਸਬਜ਼ੀਆਂ ਦੀਆਂ ਵੱਧਦੀਆਂ ਕੀਮਤਾਂ ਨੇ ਚੀਨ ਦੇ ਖੇਤੀਬਾੜੀ ਅਤੇ ਪੇਂਡੂ ਮਾਮਲਿਆਂ ਦੇ ਮੰਤਰਾਲੇ ਨੂੰ ਬਦਲਦੇ ਮੌਸਮ ਅਤੇ ਆਉਣ ਵਾਲੇ ਲਾ ਨੀਨਾ ਦੇ ਕਾਰਨ ਪੈਦਾ ਹੋਣ ਵਾਲੇ ਸੰਭਾਵੀ ਸੰਕਟ ਨਾਲ ਨਜਿੱਠਣ ਲਈ ਜਲਦੀ ਤੋਂ ਜਲਦੀ ਆਫ਼ਤ ਦੀ ਰੋਕਥਾਮ ਅਤੇ ਸਬਜ਼ੀਆਂ ਦੇ ਉਤਪਾਦਨ ਵਿੱਚ ਕਟੌਤੀ ਲਈ ਸੰਕਟਕਾਲੀਨ ਯੋਜਨਾਵਾਂ ਤਿਆਰ ਕਰਨ ਲਈ ਮਜਬੂਰ ਕੀਤਾ ਹੈ।



ਇੱਕ ਸਥਾਨਕ ਮੀਡੀਆ ਦੀ ਰਿਪੋਰਟ ਮੁਤਾਬਕ ਚੀਨ ਦੇ ਖੇਤੀਬਾੜੀ ਅਤੇ ਪੇਂਡੂ ਮਾਮਲਿਆਂ ਦੇ ਮੰਤਰਾਲੇ ਨੇ ਸਪਰਿੰਗ ਫ਼ੈਸਟੀਵਲ ਅਤੇ ਵਿੰਟਰ ਓਲੰਪਿਕ ਤੋਂ ਪਹਿਲਾਂ ਸਬਜ਼ੀਆਂ ਦੀਆਂ ਵੱਧਦੀਆਂ ਕੀਮਤਾਂ ਉੱਤੇ ਕਾਬੂ ਪਾਉਣ ਲਈ ਸਬਜੀਆਂ ਦੀ ਸਥਿਰ ਸਪਲਾਈ ਅਤੇ ਕੀਮਤਾਂ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਇੱਕ ਨੋਟਿਸ ਜਾਰੀ ਕੀਤਾ ਹੈ।

ਗਲੋਬਲ ਟਾਈਮਜ਼ ਦੀ ਰਿਪੋਰਟ ਅਨੁਸਾਰ ਗੰਭੀਰ ਮੌਸਮ, ਉੱਚ ਉਤਪਾਦਨ ਅਤੇ ਆਵਾਜਾਈ ਦੇ ਖਰਚੇ, ਬਿਜਲੀ ਕੱਟ ਅਤੇ ਮਹਾਂਮਾਰੀ ਦੇ ਸੰਚਤ ਪ੍ਰਭਾਵ ਕਾਰਨ ਸਬਜ਼ੀਆਂ ਦੀਆਂ ਕੀਮਤਾਂ ਪਿਛਲੇ ਸਤੰਬਰ ਤੋਂ ਵੱਧ ਗਈਆਂ ਹਨ। ਮੰਤਰਾਲੇ ਨੇ ਸਥਾਨਕ ਸਰਕਾਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਸ਼ਹਿਰਾਂ ਵਿੱਚ ਨਿਰਵਿਘਨ ਸਪਾਲਈ ਨੂੰ ਯਕੀਨੀ ਬਣਾਉਣ ਲਈ ਉਤਪਾਦਨ ਅਤੇ ਖਪਤ ਦੇ ਅਨੁਪਾਤ ਦੀ ਨਿਗਰਾਨੀ ਕਰਨ। ਗਲੋਬਲ ਟਾਈਮਜ਼ ਨੇ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦੇ ਹੋਏ ਅੱਗੇ ਦੱਸਿਆ ਕਿ ਬੀਜਿੰਗ ਵਿੱਚ ਹਰੇ ਪਿਆਜ਼ ਦੀ ਥੋਕ ਕੀਮਤ ਪਿਛਲੇ 2 ਮਹੀਨਿਆਂ ਵਿੱਚ 3.0 ਯੂਆਨ ਦੇ ਮੁਕਾਬਲੇ 7.4 ਯੂਆਨ ਪ੍ਰਤੀ ਕਿਲੋਗ੍ਰਾਮ ਹੋ ਗਈ ਹੈ। ਗਲੋਬਲ ਟਾਈਮਜ਼ ਨੇ ਚਾਈਨਾ ਇਕਨੌਮਿਕ ਵੀਕਲੀ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਬੀਜਿੰਗ ਜਨਿਫ਼ਾਡੀ ਮਾਰਕੀਟ ਦੇ ਪ੍ਰਚਾਰ ਵਿਭਾਗ ਦੇ ਇੱਕ ਕਰਮਚਾਰੀ ਨੇ ਮੀਡੀਆ ਨੂੰ ਦੱਸਿਆ ਕਿ ਜਨਿਫ਼ਾਡੀ ਵਿੱਚ ਇਸ ਸਮੇਂ ਸਬਜ਼ੀਆਂ ਦੀ ਰੋਜ਼ਾਨਾ ਸਪਲਾਈ ਲੱਗਭਗ 15,000 ਟਨ ਹੈ ਜਦੋਂ ਕਿ ਮਹਾਂਮਾਰੀ ਤੋਂ ਪਹਿਲਾਂ ਇਸੇ ਸਮੇਂ ਦੌਰਾਨ ਰੋਜ਼ਾਨਾ ਸਪਲਾਈ ਲੱਗਭਗ 18,000 ਟਨ ਸੀ।

## ਮੰਤਰੀ ਸਬਜ਼ੀਆਂ ਦੀ ਮਾਲਾ ਪਹਿਨ ਕੇ ਸਾਈਕਲ 'ਤੇ ਪਹੁੰਚੇ ਵਿਧਾਨ ਸਭਾ

ਇਸਲਾਮਾਬਾਦ- ਪਾਕਿਸਤਾਨ 'ਚ ਵੱਧਦੀ ਮਹਿੰਗਾਈ ਨਾਲ ਹਰ ਵਰਗ ਪ੍ਰੇਸ਼ਾਨ ਹੈ। ਦੇਸ਼ ਦੀ ਅਰਥ-ਵਿਵਸਥਾ ਪੂਰੀ ਤਰ੍ਹਾਂ ਡਗਮਗਾ ਗਈ ਹੈ। ਲੋਕ ਇਮਰਾਨ ਖਾਨ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਸੜਕਾਂ 'ਤੇ ਉਤਰ ਆਏ ਹਨ। ਵਿਰੋਧੀ ਦਲ ਮਹਿੰਗਾਈ ਨੂੰ ਲਗਾਮ ਲਾਉਣ 'ਚ ਫ਼ੇਲ੍ਹ ਪ੍ਰਧਾਨ ਮੰਤਰੀ ਦੇ ਵਿਰੋਧ 'ਚ ਰੈਲੀਆਂ ਅਤੇ ਪ੍ਰਦਰਸ਼ਨ ਕਰ ਰਹੇ ਹਨ। ਇਸੇ ਕ੍ਰਮ ਵਿੱਚ ਵਿਰੋਧੀ ਧਿਰ ਪੀ.ਐੱਮ.ਐੱਲ-ਐਨ ਦੇ ਵਿਧਾਇਕ ਤਾਰਿਕ ਮਸੀਹ ਨੇ ਮਹਿੰਗਾਈ ਖ਼ਿਲਾਫ਼ ਅਨੋਖਾ ਪ੍ਰਦਰਸ਼ਨ ਕੀਤਾ ਅਤੇ ਸਬਜ਼ੀਆਂ ਦੀ ਮਾਲਾ ਪਹਿਨ ਕੇ ਸਾਈਕਲ 'ਤੇ ਸਵਾਰ ਹੋ ਕੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ 'ਚ ਹਿੱਸਾ ਲੈਣ ਪਹੁੰਚੇ। ਪਾਕਿਸਤਾਨੀ ਮੀਡੀਆ ਨਾਲ ਗੱਲਬਾਤ ਕਰਦਿਆਂ ਮਸੀਹ ਨੇ ਕਿਹਾ ਕਿ ਉਹ ਵੱਧਦੀ ਮਹਿੰਗਾਈ ਖ਼ਿਲਾਫ਼ ਧਰਨਾ ਪ੍ਰਦਰਸ਼ਨ ਕਰਨਗੇ ਅਤੇ ਸਾਈਕਲ 'ਤੇ ਸਵਾਰ ਹੋ ਕੇ ਵਿਧਾਨ ਸਭਾ ਸੈਸ਼ਨ 'ਚ ਹਿੱਸਾ ਲੈਣ ਪਹੁੰਚਣਗੇ। ਮਸੀਹ ਨੇ ਸਬਜ਼ੀਆਂ ਦੀ ਮਾਲਾ ਵਿੱਚ ਆਲੂ, ਟਮਾਟਰ ਅਤੇ ਸ਼ਿਮਲਾ ਮਿਰਚਾ ਪਾਈਆਂ ਹੋਈਆਂ ਸਨ। ਜਿਓ ਨਿਊਜ਼ ਦੀ ਰਿਪੋਰਟ ਮੁਤਾਬਕ ਪਾਕਿਸਤਾਨ ਦੀ ਪੰਜਾਬ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਵਿਰੋਧ ਪ੍ਰਦਰਸ਼ਨ ਵੇਖਿਆ ਗਿਆ। ਇਹ ਪ੍ਰਦਰਸ਼ਨ ਅਜਿਹੇ ਸਮੇਂ ਹੋ ਰਿਹਾ ਹੈ, ਜਦੋਂ ਪਾਕਿਸਤਾਨ ਵਿੱਚ ਮਹਿੰਗਾਈ 70 ਸਾਲ ਵਿੱਚ ਆਪਣੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ। ਇੱਕ ਰਿਪੋਰਟ ਮੁਤਾਬਕ ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਦੁੱਗਣੀਆਂ ਹੋ ਚੁੱਕੀਆਂ ਹਨ। ਘਿਓ, ਤੇਲ, ਖੰਡ, ਆਟਾ ਅਤੇ ਮੁਰਗੀਆਂ ਦੀਆਂ ਕੀਮਤਾਂ ਵੱਧ ਗਈਆਂ ਹਨ। ਸਰਕਾਰ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੈ ਕਿ ਸਿਰਫ਼ ਗਰੀਬ ਹੀ ਨਹੀਂ ਸਗੋਂ ਵ੍ਹਾਈਟ ਕਾਲਰ ਨੌਕਰੀ ਵਾਲੇ ਵੀ ਇਸ ਨੇ ਕੁਚਲ ਦਿੱਤੇ ਹਨ। ਇਸ ਵੱਧਦੀ ਮਹਿੰਗਾਈ ਦਰਮਿਆਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਸਾਊਦੀ ਅਰਬ ਦੇ ਪ੍ਰਿੰਸ ਮੁਹੰਮਦ ਬਿਨ ਸਲਮਾਨ ਅੱਗੇ ਝੋਲੀ ਅੱਡਣਾ ਕੰਮ ਕਰ ਗਿਆ ਹੈ। ਸਾਊਦੀ ਫ਼ੰਡ ਫ਼ਾਰ ਡਿਵੈੱਲਪਮੈਂਟ ਨੇ ਐਲਾਨ ਕੀਤਾ ਹੈ ਕਿ ਉਹ ਸਟੇਟ ਬੈਂਕ ਔਫ਼ ਪਾਕਿਸਤਾਨ ਵਿੱਚ 3 ਅਰਬ ਡਾਲਰ ਜਮਾਂ ਕਰੇਗਾ, ਤਾਂ ਕਿ ਪਾਕਿਸਤਾਨ ਦੇ ਵਿਦੇਸ਼ੀ ਮੁਦਰਾ ਫ਼ੰਡ ਦੀ ਮਦਦ ਕੀਤੀ ਜਾ ਸਕੇ।

## ਅਮਰੀਕਾ ਦੇ ਇੱਕ ਸ਼ਖ਼ਸ ਦੀ ਚਮਕੀ ਕਿਸਮਤ, ਇਕੱਠੀਆਂ ਜਿੱਤੀਆਂ 20 ਲਾਟਰੀਆਂ



ਵਾਸ਼ਿੰਗਟਨ - ਕਿਸੇ ਨੇ ਸੱਚ ਹੀ ਕਿਹਾ ਹੈ ਪ੍ਰਮਾਤਮਾ ਜਦੋਂ ਦਿੰਦਾ ਹੈ ਤਾਂ ਛੱਪੜ ਫ਼ਾੜ ਕੇ ਦਿੰਦਾ ਹੈ। ਅਮਰੀਕਾ ਦੇ ਵਰਜੀਨੀਆ ਵਿੱਚ ਇੱਕ ਸ਼ਖ਼ਸ ਨਾਲ ਅਜਿਹਾ ਹੀ ਕੁਝ ਹੋਇਆ। ਸ਼ਖ਼ਸ ਦੀ ਕਿਸਮਤ ਨੇ ਅਜਿਹੀ ਪਲਟੀ ਕਿ ਉਹ ਇਕੱਠੀਆਂ 20 ਲਾਟਰੀ ਜਿੱਤ ਗਿਆ, ਜਿਸ ਮਗਰੋਂ ਉਸ ਨੂੰ ਕੁੱਲ ਮਿਲਾ ਕੇ 1 ਲੱਖ ਡਾਲਰ ਮਤਲਬ ਤਕਰੀਬਨ 74,91,540 ਰੁਪਏ ਦਾ ਇਨਾਮ ਮਿਲਿਆ। ਅਸਲ ਵਿੱਚ ਅਮਰੀਕਾ ਦੇ ਵਰਜੀਨੀਆ ਵਿੱਚ ਇੱਕ ਵਿਅਕਤੀ ਨੇ ਇੱਕੋ ਜਿਹੇ 20 ਲਾਟਰੀ ਟਿਕਟ ਖਰੀਦੇ ਸਨ, ਜਿਸ ਮਗਰੋਂ ਹਰ ਟਿਕਟ 'ਤੇ ਉਹ 5 ਹਜ਼ਾਰ ਡਾਲਰ ਜਿੱਤ ਗਿਆ। ਉਸ ਨੂੰ ਕੁੱਲ 20 ਇਨਾਮ ਮਿਲੇ ਅਤੇ ਉਸ ਨੇ ਕੁੱਲ 1 ਲੱਖ ਡਾਲਰ ਦਾ ਜੈਕਪੌਟ ਜਿੱਤਿਆ। ਅਲੈਕਜੈਂਡਰੀਆ ਦੇ ਰਹਿਣ ਵਾਲੇ ਲਾਟਰੀ ਜੇਤੂ ਵਿਲੀਅਮ ਨੇਵੇਲ ਨੇ ਵਰਜੀਨੀਆ ਲਾਟਰੀ ਦੇ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਆਮ ਤੌਰ 'ਤੇ ਆਪਣੇ ਲਾਟਰੀ ਟਿਕਟ ਨੇੜਲੇ ਸਟੋਰ ਤੋਂ ਖਰੀਦਦਾ ਸੀ ਪਰ ਉਸ ਨੇ ਪਹਿਲੀ ਵਾਰੀ ਇਹ ਟਕਟ ਔਨ-ਲਾਈਨ ਖਰੀਦਣ ਦਾ ਫ਼ੈਸਲਾ ਲਿਆ। ਉਸ ਨੇ 23 ਅਕਤੂਬਰ ਦੇ ਦਿਨ ਲਈ ਪਿਕ 4 ਡ੍ਰਾਈਵ ਲਈ 20 ਇੱਕੋ ਜਿਹੀਆਂ ਟਿਕਟਾਂ ਖਰੀਦੀਆਂ। ਨੇਵੇਲ ਦੇ ਚੁਣੇ ਗਏ ਨੰਬਰ 5-4-1-1, ਅਧਿਕਾਰੀਆਂ ਵਲੋਂ ਤਿਆਰ ਕੀਤੇ ਗਏ ਨੰਬਰਾਂ ਨਾਲ ਮੇਲ ਕਰ ਗਏ ਜਿਸ ਨਾਲ ਉਸ ਨੂੰ ਹਰੇਕ ਟਿਕਟ 'ਤੇ 5,000 ਡਾਲਰ ਦਾ ਇਨਾਮ ਮਿਲਿਆ। ਇਕੱਠੀਆਂ 20 ਲਾਟਰੀਆਂ ਲੱਗਣ ਮਗਰੋਂ ਨੇਵੇਲ ਨੇ ਕਿਹਾ,"ਇਹ ਬਹੁਤ ਚੰਗਾ ਲੱਗਦਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ।" ਜੇਤੂ ਨੇ ਕਿਹਾ ਕਿ ਉਸ ਨੇ ਆਪਣੀ ਪੁਰਸਕਾਰ ਰਾਸ਼ੀ ਨੂੰ ਖਰਚ ਕਰਨ ਲਈ ਹਾਲੇ ਕੋਈ ਯੋਜਨਾ ਨਹੀਂ ਬਣਾਈ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਮਰੀਕਾ ਦੇ ਹੀ ਮਿਸ਼ੀਗਨ ਵਿੱਚ ਇੱਕ ਬਜ਼ੁਰਗ ਨੇ ਸਟੋਰ ਕਲਰਕ ਦੀ ਸਲਾਹ 'ਤੇ ਲਾਟਰੀ ਟਿਕਟ ਖਰੀਦੀ ਸੀ। ਇਸ ਮਗਰੋਂ ਉਹ ਅਜਿਹੀ ਲਾਟਰੀ ਜਿੱਤੇ, ਜਿਸ ਨਾਲ ਉਨ੍ਹਾਂ ਨੂੰ ਪੂਰੀ ਜ਼ਿੰਦਗੀ 19 ਲੱਖ ਰੁਪਏ ਪ੍ਰਤੀ ਸਾਲ ਮਿਲਣਗੇ।

## ਪਲਾਸਟਿਕ 'ਚ ਲਪੇਟੇ ਫ਼ਲ-ਸਬਜ਼ੀਆਂ ਨੂੰ ਲੈ ਕੇ ਸਪੇਨ ਨੇ ਲਿਆ ਅਹਿਮ ਫ਼ੈਸਲਾ


ਮੈਡਰਿਡ- ਸਪੇਨ ਦੀਆਂ ਸੁਪਰ ਮਾਰਕੀਟਾਂ ਅਤੇ ਕਰਿਆਨੇ ਦੀਆਂ ਦੁਕਾਨਾਂ ਵਿੱਚ 2023 ਤੋਂ ਪਲਾਸਟਿਕ 'ਚ ਲਪੇਟੇ ਫ਼ਲ ਅਤੇ ਸਬਜ਼ੀਆਂ ਦੀ ਵਿੱਕਰੀ 'ਤੇ ਪਾਬੰਦੀ ਲਗਾਈ ਜਾਵੇਗੀ। ਸੂਤਰਾਂ ਮੁਤਾਬਕ ਇਹ ਕਦਮ ਵਾਤਾਵਰਣ ਪਰਿਵਰਤਨ ਮੰਤਰਾਲੇ ਵਲੋਂ ਤਿਆਰ ਕੀਤੇ ਗਏ ਪ੍ਰਸਤਾਵ ਵਿੱਚ ਸ਼ਾਮਲ ਹੈ। ਨਵੇਂ ਰੈਗੂਲੇਸਨ ਵਿੱਚ ਖੁੱਲ੍ਹੇ,ਬਿਨਾਂ ਪੈਕ ਕੀਤੇ ਉਤਪਾਦਾਂ ਦੀ ਖਰੀਦ ਅਤੇ ਗੈਰ-ਬੋਤਲ ਬੰਦ ਪਾਣੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਦੇ ਉਪਾਅ ਵੀ ਸਾਮਲ ਹਨ। ਫ਼ਲਾਂ ਅਤੇ ਸਬਜ਼ੀਆਂ ਦੀ ਪੈਕਿੰਗ 'ਤੇ ਪਾਬੰਦੀ 1.5 ਕਿਲੋਗ੍ਰਾਮ ਤੋਂ ਘੱਟ ਵਜ਼ਨ ਦੇ ਉਤਪਾਦਨ 'ਤੇ ਲਾਗੂ ਹੋਵੇਗੀ। ਫ਼ਰਾਂਸ ਵਿੱਚ ਵੀ ਇਸੇ ਤਰ੍ਹਾਂ ਦੇ ਕਾਨੂੰਨ ਨੂੰ ਅਗਲੇ ਸਾਲ ਤੋਂ ਲਾਗੂ ਕੀਤਾ ਜਾਵੇਗਾ। ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਸਪੈਨਿਸ ਕਾਰਜਕਾਰੀ ਸਭ ਤੋਂ ਪ੍ਰਭਾਵਸ਼ਾਲੀ ਤਰੀਕੇ ਨਾਲ ਪੈਕੇਜਿੰਗ ਦੀ ਜ਼ਿਆਦਾ ਵਰਤੋਂ ਘਟਾਉਣਾ ਚਾਹੁੰਦਾ ਹੈ। ਉਸੇ ਸੂਤਰ ਨੇ ਕਿਹਾ ਕਿ ਪਲਾਸਟਿਕ ਪ੍ਰਦੂਸ਼ਣ ਸਾਰੀਆਂ ਹੱਦਾਂ ਨੂੰ ਪਾਰ ਕਰ ਗਿਆ ਹੈ। ਗ੍ਰੀਨਪੀਸ ਸਮੇਤ ਸਪੇਨ ਅਤੇ ਵਿਦੇਸ਼ਾਂ ਵਿੱਚ ਵਾਤਾਵਰਣ ਸਮੂਹ ਕਰਿਆਨੇ ਅਤੇ ਵੱਡੀਆਂ ਸੁਪਰ ਮਾਰਕੀਟਾਂ ਨੂੰ ਪਲਾਸਟਿਕ ਦੀਆਂ ਪਰਤਾਂ ਵਿੱਚ ਤਾਜ਼ੇ ਉਤਪਾਦਾਂ ਨੂੰ ਲਪੇਟਣ ਤੋਂ ਰੋਕਣ ਲਈ ਕਈ ਸਾਲਾਂ ਰੋਕਣ ਮੁਹਿੰਮ ਚਲਾ ਰਹੇ ਹਨ। ਗ੍ਰੀਨਪੀਸ ਦੇ ਬੁਲਾਰੇ ਜੂਲੀਓ ਬਰੇਆ ਨੇ ਕਿਹਾ ਕਿ ਉਹ ਪਾਬੰਦੀ ਨਾਲ ਸਹਿਮਤ ਹਨ ਪਰ ਉਨ੍ਹਾਂ ਨਾਲ ਹੀ ਕਿਹਾ ਕਿ ਇਹ ਦੇਖਣਾ ਮਹੱਤਵਪੂਰਨ ਹੈ ਕਿ ਅੰਤ ਵਿੱਚ ਇਸ ਨੂੰ ਕਿਵੇਂ ਲਾਗੂ ਕੀਤਾ ਜਾਵੇਗਾ। ਜੂਲੀਓ ਬਰੇਆ ਨੇ ਅੱਗੇ ਕਿਹਾ ਅਸੀਂ ਪਲਾਸਟਿਕ ਵਿੱਚ ਪੀਂਦੇ ਹਾਂ, ਅਸੀਂ ਪਲਾਸਟਿਕ ਖਾਂਦੇ ਹਾਂ ਅਤੇ ਅਸੀਂ ਪਲਾਸਟਿਕ ਨਾਲ ਸਾਹ ਲੈਂਦੇ ਹਾਂ।



## ਵਾਇਰਸ ਕਿਵੇਂ ਪੈਦਾ ਹੋਇਆ ਹੁਣ ਕਦੇ ਪਤਾ ਨਹੀਂ ਲੱਗੇਗਾ

ਵਾਸ਼ਿੰਗਟਨ- ਕੋਵਿਡ-19 ਮਹਾਂਮਾਰੀ ਦਾ ਵਾਇਰਸ ਸਾਰਸ-ਕੋਵ-2 ਕਿੱਥੋਂ ਅਤੇ ਕਿਵੇਂ ਪੈਦਾ ਹੋਇਆ, ਇਹ ਹਮਸ਼ਾ ਲਈ ਭੇਦ ਹੀ ਰਹਿ ਜਾਏਗਾ। ਵਾਇਰਸ ਦੀ ਲੈੱਬ ਲੀਕ ਥਿਊਰੀ ਦੀ ਜਾਂਚ ਕਰ ਰਹੀਆਂ ਅਮਰੀਕੀ ਖ਼ੁਫ਼ੀਆ ਏਜੰਸੀਆਂ ਨੇ ਜਾਂਚ ਤੋਂ ਹੱਥ ਖੜ੍ਹੇ ਕਰਦੇ ਹੋਏ ਇਹ ਕਿਹਾ ਹੈ।

ਵਾਸ਼ਿੰਗਟਨ ਪੋਸਟ ਵਿੱਚ ਛਪੀ ਰਿਪੋਰਟ ਮੁਤਾਬਕ ਖ਼ੁਫ਼ੀਆ ਏਜੰਸੀਆਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਚੀਨ ਨੇ ਵਾਇਰਸ ਦੀ ਉਤਪੱਤੀ ਦੇ ਸਬੰਧ ਵਿੱਚ ਕੋਈ ਵਿਗਿਆਨਕ ਜਾਣਕਾਰੀ ਅਤੇ ਸਬੂਤ ਕੱਢ ਸਕਣ ਵਿੱਚ ਉਨ੍ਹਾਂ ਨੂੰ ਕੋਈ ਠੋਸ ਸਫ਼ਲਤਾ ਨਹੀਂ ਮਿਲੀ ਹੈ। ਇਸ ਲਈ ਵਾਇਰਸ ਕੁਦਰਤੀ ਤੌਰ 'ਤੇ ਪੈਦਾ ਹੋਇਆ ਜਾਂ ਇਹ ਹਾਦਸੇ ਨਾਲ ਲੈੱਬ ਤੋਂ ਲੀਕ ਹੋਇਆ, ਇਹ ਦੋਨੋਂ ਗੱਲਾਂ ਹੀ ਸੰਭਵ ਹਨ।



ਵਾਇਰਸ ਦੀ ਉਤਪੱਤੀ ਅਤੇ ਇਹ ਪਤਾ ਲਗਾਉਣ ਲਈ ਕਿ ਕੀ ਇਹ ਕੋਈ ਜੈਵਿਕ ਹਥਿਆਰ ਹੈ, ਅਮਰੀਕਾ ਵਿੱਚ ਇੰਜੈਲੀਜੈਂਸ ਕੌਂਸਲ ਬਣਾਈ ਗਈਸੀ, ਜਿਸ ਵਿੱਚ ਚਾਰ ਰਾਸ਼ਟਰੀ ਖ਼ੁਫ਼ੀਆ ਏਜੰਸੀਆਂ ਸ਼ਾਮਲ ਕੀਤੀਆਂ ਗਈਆਂ ਸਨ। ਹਾਲਾਂਕਿ ਏਜੰਸੀਆਂ ਇਸ 'ਤੇ ਇੱਕ ਮਤ ਦਿੱਖਦੀਆਂ ਹਨ ਕਿ ਵਾਇਰਸ ਜੈਵਿਕ ਹਥਿਆਰ ਨਹੀਂ ਹੈ ਅਤੇ ਇਸ ਦੀ ਲੈੱਬ ਵਿੱਚ ਇੰਜੀਨੀਅਰਿੰਗ ਨਹੀਂ ਹੋਈ। ਹਾਲਾਂਕਿ ਇਸ ਦਾ ਕਾਰਨ ਇਹ ਹੈ ਕਿ ਜੈਵਿਕ ਇੰਜੀਨੀਅਰਿੰਗ ਨੂੰ ਸਾਬਤ ਕਰਨਾ ਬੇਹੱਦ ਮੁਸ਼ਕਿਲ ਹੈ ਅਤੇ ਇਸਦੇ ਕੋਈ ਠੋਸ ਵਿਗਿਆਨਕ ਸਬੂਤ ਨਹੀਂ ਹਨ। ਓਹੀਓ ਤੋਂ ਰਿਪਬਲੀਕਨ ਸੰਸਦ ਮੈਂਬਰ ਅਤੇ ਪੇਸ਼ੇ ਵਿੱਚ ਡਾਕਟਰ ਰਹੇ ਬ੍ਰਾਡ ਵੇਸਟ੍ਰੱਪ ਨੇ ਇਸ ਰਿਪੋਰਟ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਆਮ ਲੋਕਾਂ ਨੂੰ ਸਮਝਾਉਣ ਲਈ ਇਹ ਕਿਹਾ ਜਾ ਸਕਦਾ ਹੈ ਕਿ ਦੋ ਵਾਇਰਸ ਆਪਸ ਵਿੱਚ ਘੁਲੇ-ਮਿਲੇ ਅਤੇ ਉਨ੍ਹਾਂ ਨੇ ਤੀਸਰਾ ਬੇਹੱਦ ਖ਼ਤਰਨਾਕ ਵਾਇਰਸ ਤਿਆਰ ਕਰ ਦਿੱਤਾ। ਮੈਂ ਇਹ ਤਾਂ ਯਕੀਨੀ ਤੌਰ 'ਤੇ ਨਹੀਂ ਕਹਿ ਸਕਦਾ ਕਿ ਕੋਵਿਡ-19 ਖੋਜ ਨਾਲ ਜੁੜੇ ਕੋਈ ਹਾਦਸੇ ਨਾਲ ਫ਼ੈਲਿਆ ਜਾਂ ਚਮਗਿੱਦੜਾਂ ਦੀ ਸੈਂਪਲਿੰਗ ਟ੍ਰਿਪ ਦੌਰਾਨ ਇਨਫ਼ੈਕਸ਼ਨ ਇਨਸਾਨ ਵਿੱਚ ਆਇਆ ਪਰ ਮੈਂ ਇਸ 'ਤੇ 100 ਫ਼ੀਸਦੀ ਯਕੀਨੀ ਹਾਂ ਕਿ ਪੂਰੇ ਮਾਮਲੇ 'ਤੇ ਇੱਕ ਵੱਡਾ ਪਰਦਾ ਪਾਇਆ ਗਿਆ ਹੈ।

# ਚੀਨ ਦੀ ਹੈਵਾਨੀਅਤ, ਉਈਗਰਾਂ ਦੇ ਜ਼ਬਰਨ ਕੱਢ ਰਿਹੈ ਅੰਗ, ਵੇਚ ਕੇ ਕਮਾ ਰਿਹੈ ਅਰਬਾਂ ਰੁਪਏ

ਸ਼ਿਨਚਿਆਂਗ- ਚੀਨ ਵਲੋਂ ਸ਼ਿਨਚਿਆਂਗ ਖੇਤਰ ਵਿੱਚ ਉਈਗਰ ਅਤੇ ਹੋਰ ਜਾਤੀ ਅਤੇ ਧਾਰਮਿਕ ਘੱਟ-ਗਿਣਤੀ ਭਾਈਚਾਰਿਆਂ ਖ਼ਿਲਾਫ਼ ਕੀਤੇ ਜਾਣ ਵਾਲੇ ਅੱਤਿਆਚਾਰ ਇੱਕ ਵਾਰ ਫ਼ਿਰ ਸੁਰਖ਼ੀਆਂ ਵਿੱਚ ਆ ਗਏ ਹਨ। ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਬੀਜਿੰਗ ਘੱਟ ਗਿਣਤੀ ਭਾਈਚਾਰਿਆਂ ਦੇ ਅੰਗਾਂ ਨੂੰ ਜ਼ਬਰਨ ਕੱਟ ਕੇ ਬਲੈਕ ਮਾਰਕਿਟ ਵਿੱਚ ਵੇਚ ਰਿਹਾ ਹੈ ਅਤੇ ਅਰਬਾਂ ਡਾਲਰ ਦੀ ਕਮਾਈ ਕਰ ਰਿਹਾ ਹੈ। ਜੇਕਰ ਇਹ ਗੱਲ ਸੱਚ ਸਾਬਤ ਹੋ ਜਾਂਦੀ ਹੈ ਤਾਂ ਅੰਤਰਰਾਸ਼ਟਰੀ ਭਾਈਚਾਰੇ ਤੋਂ ਚੀਨ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਜਾਵੇਗੀ। ਸਮਾਚਾਰ ਏਜੰਸੀ ਏ.ਐਨ.ਆਈ. ਮੁਤਾਬਕ ਉਈਗਰਾਂ ਦੇ ਖ਼ਿਲਾਫ਼ ਅੱਤਿਆਚਾਰ ਵਾਲੀ ਇਹ ਰਿਪੋਰਟ ਆਸਟ੍ਰੇਲੀਆ ਵਿੱਚ ਸਥਿਤ 'ਹੈਰਾਲਡ ਸੰਨ' ਅਖ਼ਬਾਰ ਵਿੱਚ ਪ੍ਰਕਾਸ਼ਿਤ ਹੋਈ ਹੈ।



ਰਿਪੋਰਟ ਵਿੱਚ ਇਸ ਗੱਲ ਦੀ ਜਾਣਕਾਰੀ ਹੈ ਕਿ ਕਿਵੇਂ ਇੱਕ ਸਿਹਤਮੰਦ ਲੀਵਰ ਨੂੰ ਲੱਗਭਗ 1,60,000 ਅਮਰੀਕੀ ਡਾਲਰ ਵਿੱਚ ਵੇਚਿਆ ਜਾਂਦਾ ਹੈ। ਕਿਹਾ ਗਿਆ ਹੈ ਕਿ ਇਸ ਵਪਾਰ ਜ਼ਰੀਏ ਚੀਨ ਸਾਲਾਨਾ ਇੱਕ ਬਿਲੀਅਨ ਡਾਲਰ (7400 ਕਰੋੜ ਰੁਪਏ) ਦੀ ਕਮਾਈ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਚੀਨ 'ਤੇ ਨਜ਼ਰਬੰਦੀ ਕੇਂਦਰਾਂ ਵਿੱਚ ਅੰਗਾਂ ਦੀ ਕਟਾਈ ਨੂੰ ਲੈ ਕੇ ਦੋਸ਼ ਲਗਾਏ ਗਏ ਹਨ। ਇਸ ਸਾਲ ਦੀ ਸ਼ੁਰੂਆਤ ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਨੇ ਕਿਹਾ ਕਿ ਫ਼ਾਲੁਨ ਗੋਂਗ ਡਾਕਟਰਾਂ, ਉਈਗਰ, ਤਿੱਬਤੀਆਂ, ਮੁਸਲਮਾਨਾਂ ਅਤੇ ਈਸਾਈਆਂ ਸਮੇਤ ਘੱਟ -ਗਿਣਤੀ ਭਾਈਚਾਰਿਆਂ ਨੂੰ ਟਾਰਗੇਟ ਕਰ ਕੇ ਕਥਿਤ ਅੰਗਾਂ ਦੀ ਕਟਾਈ ਕੀਤੀ ਜਾ ਰਹੀ ਹੈ। ਯੂ.ਐੱਨ.ਐੱਚ.ਆਰ.ਸੀ. ਇਸ ਤਰ੍ਹਾਂ ਦੀ ਰਿਪੋਰਟ ਤੋਂ ਕਾਫ਼ੀ ਚਿੰਤਤ ਹੈ।

# ਮੈਕਡੌਨਲਡਸ, ਬਰਗਰ ਕਿੰਗ, ਡੋਮੀਨੋਜ਼ 'ਚ ਡਿਟਰਜੈਂਟ ਨਾਲ ਤਿਆਰ ਹੁੰਦਾ ਹੈ ਬਰਗਰ ਪਿੱਜ਼ਾ? ਕਈ ਨਾਮੀ ਫ਼ੂਡ ਚੈਨਜ਼ 'ਤੇ ਉਠੇ ਸਵਾਲ

ਨਵੀਂ ਦਿੱਲੀ- ਨਵੀਂ ਰਿਸਰਚ ਮੁਤਾਬਕ ਆਊਟਲੈਟਸ 'ਤੇ ਮਿਲਣ ਵਾਲੇ ਜੰਕ ਫ਼ੂਡ 'ਚ ਡਿਟਰਜੈਂਟ ਵਿੱਚ ਇਸਤੇਮਾਲ ਹੋਣ ਵਾਲਾ ਕੈਮੀਕਲ ਮਿਲਾਇਆ ਜਾਂਦਾ ਹੈ, ਜੋ ਸਿੱਧੇ ਤੌਰ 'ਤੇ ਸਾਡੀ ਸਿਹਤ ਲਈ ਹਾਨੀਕਾਰਕ ਹੈ।

ਜੇ ਤੁਸੀਂ ਵੀ ਪਿੱਜ਼ਾ ਬਰਗਰ ਖਾਣ ਦੇ ਸ਼ੌਕੀਨ ਤੋਂ ਅਤੇ ਅਕਸਰ ਇਨ੍ਹਾਂ ਨੂੰ ਖਾਣ ਲਈ ਮੈਕਡੌਨਲਡਸ, ਬਰਗਰ ਕਿੰਗ, ਡੋਮਿਨੋਜ਼ ਜਾਂ ਪਿੱਜ਼ਾ ਹੱਟ ਦਾ ਰੁਖ਼ ਕਰਦੇ ਹੋ ਤਾਂ ਇਹ ਖ਼ਬਰ ਤੁਹਾਡੇ ਲਈ ਹੈ। ਨਵੀਂ ਰਿਸਰਚ ਮੁਤਾਬਕ ਆਊਟਲੈਟਸ 'ਤੇ ਮਿਲਣ ਵਾਲੇ ਜੰਕ ਫ਼ੂਡ 'ਚ ਡਿਟਰਜੈਂਟ ਵਿੱਚ ਇਸਤੇਮਾਲ ਹੋਣ ਵਾਲਾ ਕੈਮੀਕਲ ਮਿਲਾਇਆ ਜਾਂਦਾ ਹੈ, ਜੋ ਸਿੱਧੇ ਤੌਰ 'ਤੇ ਸਾਡੀ ਸਿਹਤ ਲਈ ਹਾਨੀਕਾਰਕ ਹੈ।



ਡੀ.ਐੱਨ.ਏ. ਮੁਤਾਬਕ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਸਾਊਥਵੈਸਟ ਰਿਸਰਚ ਇੰਸਟੀਚਿਊਟ ਸੈਨ ਐਂਟੋਨੀਓ, ਟੈਕਸਾਸ, ਬੋਸਟਨ ਯੂਨੀਵਰਸਿਟੀ ਅਤੇ ਹਾਰਵਰਡ ਯੂਨੀਵਰਸਿਟੀ ਦੇ ਖੋਜਾਰਥੀਆਂ ਨੇ ਮਿਲ ਕੇ ਇੱਕ ਖੋਜ ਕੀਤੀ ਹੈ। ਇਸ ਰਿਸਰਚ ਜਨਰਲ ਔਫ਼ ਐਕਸਪੋਜ਼ਰ ਸਾਇੰਸ ਐਂਡ ਇੰਵਾਇਰਮੈਂਟਲ ਐਪਿਡੇਮਿਓਲੋਜੀ ਵਿੱਚ ਛਾਪਿਆ ਵੀ ਹੈ। ਖੋਜ ਵਿੱਚ ਦੱਸਿਆ ਗਿਆ ਹੈ ਕਿ ਮੈਕਡਾਨਲਡਸ, ਬਰਗਰ ਕਿੰਗ, ਪਿੱਜ਼ਾ ਹੱਟ, ਡੋਮਿਨੋਜ਼, ਟੈਕੋ ਬੇਲ ਅਤੇ ਚਿਪੋਟਲ ਵਰਗੀਆਂ ਮਸ਼ਹੂਰ ਫ਼ੂਡ ਚੇਨ 'ਤੇ ਮਿਲਣ ਵਾਲੇ ਜੰਕ ਫ਼ੂਡ ਵਿੱਚ ਪਲਾਸਟਿਕ ਨੂੰ ਨਰਮ ਰੱਖਣ ਲਈ ਇਸਤੇਮਾਲ ਕੀਤੇ ਜਾਣ ਵਾਲਾ ਇੱਕ ਰਸਾਇਣ ਪਾਇਆ ਗਿਆ ਹੈ।

ਖੋਜਕਰਤਾਵਾਂ ਨੇ ਇਨ੍ਹਾਂ ਦੁਕਾਨਾਂ 'ਤੇ ਮਿਲੇ ਹੈਮਬਰਗਰ, ਫ਼ਰਾਈਜ਼, ਚਿਕਨ ਨਗੇਟਸ, ਚਿਕਨ ਬਰੀਟੋ ਅਤੇ ਪਨੀਰ ਪਿਜਾ ਦੇ 64 ਭੋਜਨ ਨਮੂਨਿਆਂ ਦੀ ਜਾਂਚ ਕੀਤੀ। ਉਹਨਾਂ ਨੇ ਪਾਇਆ ਕਿ 80% ਤੋਂ ਵੱਧ ਉਤਪਾਦਾਂ ਵਿੱਚ ਨਾਮਕ ਇੱਕ ਸ਼ਾਮਲ ਹੈ ਅਤੇ 70% ਵਿੱਚ ਸਾਮਲ ਹੈ। ਇਹ ਦੋਵੇਂ ਰਸਾਇਣ ਤੁਹਾਡੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਇੱਕ ਰਸਾਇਣ ਹੈ ਜੋ ਕਈ ਸਾਲਾਂ ਤੋਂ ਉਤਪਾਦਾਂ ਜਿਵੇਂ ਕਿ ਕਾਸਮੈਟਿਕਸ, ਵਿਨਾਇਲ ਫ਼ਲੋਰਿੰਗ, ਡਿਟਰਜੈਂਟ, ਡਿਸਪੋਸੇਬਲ ਦਸਤਾਨੇ, ਤਾਰ ਦੇ ਢੱਕਣਾਂ ਵਿੱਚ ਵਰਤਿਆ ਜਾ ਰਿਹਾ ਹੈ। ਇਹ ਪਲਾਸਟਿਕ ਨੂੰ ਨਰਮ ਅਤੇ ਮੋੜਨਯੋਗ ਬਣਾਉਣ ਵਿੱਚ ਮਦਦ ਕਰਦਾ ਹੈ, ਤਾਂ ਜੋ ਇਸਨੂੰ ਲੋੜ ਅਨੁਸਾਰ ਢਾਲਿਆ ਜਾ ਸਕੇ। ਇਹ ਰਸਾਇਣ ਬੱਚਿਆਂ ਵਿੱਚ ਦਿਮਾਗੀ ਸਿਹਤ ਸਬੰਧੀ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਇਸ ਤੋਂ ਇਲਾਵਾ ਇਹ ਵਿਅਕਤੀ ਦੀ ਪ੍ਰਜਣਨ ਪ੍ਰਣਾਲੀ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।







# ਦਬਾਓ ਅਤੇ ਤਣਾਓ

## ਦਬਾਓ ਅਤੇ ਤਣਾਓ ਦੀ ਸਮੱਸਿਆ ਮਾਨਸਿਕ ਹੁੰਦੀ ਹੈ, ਅਸਰ ਸਰੀਰਕ ਹੁੰਦਾ ਹੈ।

**ਨਰਿੰਦਰ ਸਿੰਘ ਕਪੂਰ**

ਪ੍ਰਗਟਾਵਾ, ਗ਼ਲਤੀਆਂ ਅਤੇ ਵਿਗੜੇ ਵਿਹਾਰ ਰਾਹੀਂ ਹੁੰਦਾ ਹੈ ਅਤੇ ਭੁਗਤਿਆ ਰੋਗ ਰਾਹੀਂ ਜਾਂਦਾ ਹੈ। ਦਬਾਓ ਅਕਸਰ ਕੰਮ ਦਾ ਤੇ ਤਣਾਓ ਰਿਸ਼ਤੇ ਦਾ ਹੁੰਦਾ ਹੈ। ਆਰਥਿਕ, ਰਾਜਨੀਤਕ ਅਤੇ ਕੰਮਕਾਜੀ ਸਮੱਸਿਆਵਾਂ ਦਬਾਓ ਉਪਜਾਉਂਦੀਆਂ ਹਨ ਜਦੋਂਕਿ ਸਮਾਜਿਕ ਅਤੇ ਪਰਿਵਾਰਕ ਸਮੱਸਿਆਵਾਂ ਤਣਾਓ ਪੈਦਾ ਕਰਦੀਆਂ ਹਨ। ਘਰੋਂ ਬਾਹਰ ਅਸੀਂ ਅਕਸਰ ਦਬਾਓ ਅਧੀਨ ਹੁੰਦੇ ਹਾਂ। ਜਦੋਂਕਿ ਘਰ ਅੰਦਰ ਪਰਿਵਾਰਕ ਲੋੜਾਂ ਪੂਰੀਆਂ ਨਾ ਕਰ ਸਕਣ ਕਾਰਨ ਅਤੇ ਪਤੀ-ਪਤਨੀ ਦੇ ਸਬੰਧ ਸੁਖਾਵੇਂ ਨਾ ਹੋਣ ਕਾਰਨ ਤਣਾਓ ਹੁੰਦਾ ਹੈ। ਇਹ ਦੋਵੇਂ ਸਥਿਤੀਆਂ ਢਹਿੰਦੀ ਕਲਾ ਉਪਜਾਉਂਦੀਆਂ ਹਨ। ਜੇ ਮਨੁੱਖ ਤਣਾਓ-ਮੁਕਤ ਹੋਵੇ ਤਾਂ ਉਹ ਦਬਾਓ ਬਰਦਾਸ਼ਤ ਕਰ ਲੈਂਦਾ ਹੈ। ਜੇ ਦਬਾਓ ਵੀ ਹੋਵੇ ਅਤੇ ਤਣਾਓ ਦਾ ਵੀ ਸਾਹਮਣਾ ਹੋਵੇ ਤਾਂ ਸਥਿਤੀ ਗੰਭੀਰ ਹੋ ਜਾਂਦੀ ਹੈ। ਪੁਰਸ਼ ਵੱਲੋਂ ਇਸਤਰੀ ਉੱਤੇ ਦਬਾਓ ਪਾਉਣ ਅਤੇ ਇਸਤਰੀ ਵੱਲੋਂ ਪੁਰਸ਼ ਵਿਚ ਤਣਾਓ ਉਪਜਾਉਣ ਦੀ ਅਥਾਹ ਸਮਰੱਥਾ ਹੁੰਦੀ ਹੈ। ਇਹ ਸਥਿਤੀ ਅਕਸਰ ਆਤਮਘਾਤ ਅਤੇ ਤਲਾਕ ਦਾ ਕਾਰਨ ਬਣ ਜਾਂਦੀ ਹੈ। ਸ਼ੁੱਧ ਦਬਾਓ ਅਤੇ ਖਾਲਸ ਤਣਾਓ ਸੰਭਵ ਨਹੀਂ ਹੁੰਦਾ। ਭਾਰਤ ਵਿਚ ਇਨ੍ਹਾਂ ਦੋ ਸੰਕਲਪਾਂ ਨੂੰ ਅਕਸਰ ਰਲਗੱਡ ਕਰ ਦਿੱਤਾ ਜਾਂਦਾ ਹੈ। ਅਜੋਕੇ ਜੀਵਨ ਵਿਚ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਤੋਂ ਲੈ ਕੇ ਬਜ਼ੁਰਗਾਂ ਤਕ ਹਰੇਕ ਵਿਅਕਤੀ ਕਿਸੇ ਨਾ ਕਿਸੇ ਦਬਾਓ ਅਧੀਨ ਅਤੇ ਤਣਾਓਗ੍ਰਸਤ ਹੈ ਜਿਸ ਕਾਰਨ ਢਹਿੰਦੀ ਕਲਾ ਬੜੀ ਵਿਆਪਕ ਹੈ।

ਦਬਾਓ-ਤਣਾਓ ਹਮੇਸ਼ਾ ਹੀ ਰਿਹਾ ਹੈ। ਹਰੇਕ ਜੀਵ ਅਨੇਕਾਂ ਵਾਰ ਦਬਾਓ-ਤਣਾਓ ਦਾ ਸ਼ਿਕਾਰ ਹੁੰਦਾ ਹੈ, ਪਰ ਜੇ ਇਨ੍ਹਾਂ ਦੀ ਮਾਤਰਾ ਬਹੁਤ ਅਧਿਕ ਹੋ ਜਾਵੇ ਤਾਂ ਯੋਗ-ਗੁਰੂ, ਹਕੀਮ, ਡਾਕਟਰ ਜਾਂ ਸਲਾਹਕਾਰ ਕੋਲ ਜਾਣਾ ਪੈਂਦਾ ਹੈ। ਜੇ ਅਜਿਹੀ ਸਥਿਤੀ ਲਗਾਤਾਰ ਜਾਰੀ ਰਹੇ ਤਾਂ ਇਹ ਸ਼ੱਕਰ-ਰੋਗ ਜਾਂ ਦਿਲ ਦੇ ਰੋਗਾਂ ਦੀ ਸਮੱਸਿਆ ਬਣ ਜਾਂਦੀ ਹੈ। ਕਿਸੇ ਵੱਲੋਂ ਵਧੇਰੇ ਗ਼ੈਰਹਾਜ਼ਰ ਰਹਿਣ ਜਾਂ ਵਧੇਰੇ ਛੁੱਟੀਆਂ ਲੈਣ ਦਾ ਕਾਰਨ ਅਕਸਰ ਕੰਮ ਪ੍ਰਤੀ ਉਸ ਦੀ ਅਸੰਤੁਸ਼ਟਤਾ ਹੁੰਦੀ ਹੈ। ਇਕ ਵਿਅਕਤੀ ਨੂੰ ਆਪਣੇ ਕੰਮ ਨਾਲ ਨਫ਼ਰਤ ਸੀ, ਪਰ ਫਿਰ ਵੀ ਨੌਕਰੀ ਇਸ ਲਈ ਕਰੀ ਜਾਂਦਾ ਸੀ ਕਿਉਂਕਿ ਦਫ਼ਤਰ ਘਰ ਦੇ ਨੇੜੇ ਸੀ ਅਤੇ ਕੰਮ ਬਹੁਤਾ ਨਹੀਂ ਸੀ। ਇਕ ਇਸਤਰੀ ਦਾ ਪਤੀ ਦੌਰੇ 'ਤੇ ਰਹਿੰਦਾ ਸੀ, ਬੱਚੇ ਵਿਦੇਸ਼ ਸਨ। ਉਸ ਨੇ ਆਤਮਘਾਤ ਦਾ ਯਤਨ ਨਿਰੋਲ ਅਕੇਵੇਂ ਕਾਰਨ ਕੀਤਾ, ਪਰ ਸਫਲ ਨਾ ਹੋਈ। ਅਜਿਹੇ ਵਿਅਕਤੀ ਦੀ ਨਿਰੰਤਰ ਨਿਗਰਾਨੀ ਕਰਨੀ ਪੈਂਦੀ ਹੈ ਜਿਹੜੀ ਨਿਗਰਾਨੀ ਕਰਨ ਵਾਲੇ ਵਿਚ ਨਿਰਾਸ਼ਾ ਉਪਜਾਉਂਦੀ ਹੈ। ਇਕ ਵਿਅਕਤੀ ਨੂੰ ਆਪਣੀ ਪਤਨੀ ਦੇ ਚਰਿੱਤਰ 'ਤੇ ਸ਼ੱਕ ਸੀ। ਪਤੀ, ਪਤਨੀ ਨਾਲੋਂ ਵੱਖ ਰਹਿੰਦਾ ਸੀ, ਉਹ ਤਲਾਕ ਲੈ ਸਕਦਾ ਸੀ, ਪਰ ਉਸ ਨੇ ਪਤਨੀ ਨੂੰ ਸਬਕ ਸਿਖਾਉਣ ਦੇ ਮਨੋਰਥ ਅਧੀਨ ਆਪਣੇ ਤਿੰਨ ਭਰਾਵਾਂ ਨਾਲ ਰਲ ਕੇ ਉਸ ਦਾ ਕਤਲ ਕਰ ਦਿੱਤਾ ਅਤੇ ਹਰ ਕਿਸੇ ਲਈ ਮੁਸੀਬਤ ਉਪਜਾ ਦਿੱਤੀ। ਕਈ ਵਿਦਿਆਰਥੀ ਆਪਣੀ ਸਮਰੱਥਾ ਨਾਲੋਂ ਵਧੇਰੇ ਮੁਸ਼ਕਿਲ ਕੋਰਸ ਵਿਚ ਦਾਖਲ ਹੋਣ ਦੇ ਦਬਾਓ-ਤਣਾਓ ਦੇ ਸ਼ਿਕਾਰ ਹੋ ਕੇ ਨਸ਼ੇ ਕਰਨ ਲੱਗ ਪੈਂਦੇ ਹਨ ਜਾਂ ਗੈਂਗ ਉਸਾਰਨ ਲੱਗ ਪੈਂਦੇ ਹਨ। ਸੜਕੀ ਮੌਤਾਂ ਦੀ ਵਧਦੀ ਗਿਣਤੀ ਦਾ ਮੁੱਖ ਕਾਰਨ ਕਾਹਲ ਅਤੇ ਤਣਾਓ ਹੁੰਦਾ ਹੈ। ਦਬਾਓ ਅਧੀਨ ਕਿਸਾਨ ਆਤਮਘਾਤ ਕਰ ਰਹੇ ਹਨ। ਦਬਾਓ-ਤਣਾਓ ਕਾਰਨ ਹੀ ਇਸਤਰੀਆਂ ਠੰਢੀਆਂ ਅਤੇ ਪੁਰਸ਼ ਨਿਪੁੰਸਕ ਹੋ ਰਹੇ ਹਨ।

ਜੀਵਨ ਵਿਚ ਦਬਾਓ-ਤਣਾਓ ਵਧਣ ਦਾ ਕਾਰਨ ਉਦਯੋਗਿਕ ਕਰਾਂਤੀ ਦੇ ਫਲਸਰੂਪ ਜੀਵਨ ਦਾ ਸ਼ਹਿਰੀਕਰਨ ਹੋਣਾ ਹੈ। ਸ਼ਹਿਰਾਂ ਵਿਚ ਜੀਵਨ ਦੀ ਰਫ਼ਤਾਰ ਤੇਜ਼ ਹੋਈ ਹੈ ਅਤੇ ਹਰ ਕੋਈ ਦੌੜ ਰਿਹਾ ਮਹਿਸੂਸ ਕਰਦਾ ਹੈ। ਪਹਿਲਾਂ ਦਬਾਓ-ਤਣਾਓ ਦੀ ਸਮੱਸਿਆ ਸ਼ਹਿਰਾਂ ਵਿਚ ਹੀ ਸੀ, ਪਰ ਸੌਖੇ ਸੰਚਾਰ ਕਾਰਨ ਸੂਚਨਾ ਅਤੇ ਸਮਝ ਵਧਣ ਕਾਰਨ ਹਰ ਖੇਤਰ ਵਿਚ ਮੁਕਾਬਲਾ ਅਤੇ ਹਰ ਗੱਲ ਦਾ ਵਿਸ਼ਲੇਸ਼ਣ ਹੋਣ ਲੱਗ ਪਿਆ ਹੈ। ਹਰ ਵਰਤਾਰੇ ਅਤੇ ਕਥਨ ਵਿਚ ਕੰਘੀ ਫੇਰਨ ਦੀ ਆਦਤ ਕਾਰਨ ਧਰਮ ਦੀਆਂ ਸਹਿਜ ਜੀਵਨ ਵਾਲੀਆਂ ਕਦਰਾਂ-ਕੀਮਤਾਂ ਖੁਰਨ ਲੱਗ ਪਈਆਂ ਹਨ ਅਤੇ ਪਿਓ-ਪੁੱਤਰ ਦਾ ਸਹਿਯੋਗੀ ਰਿਸ਼ਤਾ, ਵਿਰੋਧੀ ਰਿਸ਼ਤਾ ਬਣਦਾ ਜਾ ਰਿਹਾ ਹੈ। ਸੰਚਾਰ ਸਹੂਲਤਾਂ ਕਾਰਨ ਨਾਜਾਇਜ਼ ਸਬੰਧਾਂ ਦੇ ਵਧਣ ਕਰਕੇ ਪਰਿਵਾਰ ਟੁੱਟ ਰਹੇ ਹਨ। ਹੁਣ ਜਦੋਂ ਕਿਸੇ ਨੂੰ ਆਪਣੀਆਂ ਪ੍ਰੇਸ਼ਾਨੀਆਂ ਦੱਸੋਗੇ, ਅੱਗੋਂ ਦੁੱਗਣੀਆਂ ਤਿੱਗਣੀਆਂ ਸੁਣਨੀਆਂ ਪੈਣਗੀਆਂ। ਬਹੁਤੇ ਪਿਓ-ਪੁੱਤਰ ਰੁੱਸੇ ਹੋਏ ਹਨ ਅਤੇ ਬਹੁਤੀਆਂ ਮਾਵਾਂ-ਧੀਆਂ ਇਕ-ਦੂਜੀ 'ਤੇ ਸ਼ੱਕ ਕਰਦੀਆਂ ਹਨ। ਇਨ੍ਹਾਂ ਸਾਰੇ ਕਾਰਨਾਂ ਕਰਕੇ ਤਣਾਓ-ਦਬਾਓ ਦੀ ਸਮੱਸਿਆ ਤੋਂ ਹਰ ਕੋਈ ਪੀੜਤ ਹੋਣ ਕਰਕੇ ਇਸ ਨੂੰ ਨਿਯੰਤਰਨ ਵਿਚ ਰੱਖਣ ਦੇ ਕੋਰਸ ਕਰਵਾਏ ਜਾ ਰਹੇ ਹਨ। ਹਰੇਕ ਵਿਅਕਤੀ ਦੀ ਸਮੱਸਿਆ ਵੱਖਰੀ ਹੈ, ਸੋ ਇਲਾਜ ਵੀ ਵੱਖਰਾ ਹੋਵੇਗਾ। ਜਿਵੇਂ ਇਕ ਵਿਅਕਤੀ ਨੂੰ ਤੀਹ ਸਾਲ ਤੋਂ ਇਹ ਤੌਖ਼ਲਾ ਪ੍ਰੇਸ਼ਾਨ ਕਰ ਰਿਹਾ ਸੀ ਕਿ ਉਸ ਦੀ ਪਤਨੀ ਉਸ ਨੂੰ ਛੱਡ ਜਾਵੇਗੀ। ਉਸ ਨੇ ਹਾਲਾਤ ਹੀ ਅਜਿਹੇ ਪੈਦਾ ਕਰ ਦਿੱਤੇ ਕਿ ਪਤਨੀ ਤਿੰਨ ਧੀਆਂ ਵਿਚੋਂ ਅਖੀਰਲੀ ਦਾ ਵਿਆਹ ਹੁੰਦਿਆਂ ਹੀ ਛੱਡ ਗਈ ਅਤੇ ਪਤੀ ਹੁਣ ਪਾਗਲਖਾਨੇ ਵਿਚ ਹੈ।

ਬਹੁਤੇ ਲੋਕਾਂ ਨੂੰ ਪ੍ਰਦੂਸ਼ਣ ਦੇ ਅਰਥਾਂ ਵਾਂਗ ਤਣਾਓ ਦੇ ਅਰਥ ਹੀ ਸਪਸ਼ਟ ਨਹੀਂ ਹਨ ਜਿਸ ਕਾਰਨ ਉਹ ਆਪਣੇ ਰੋਗ ਨੂੰ ਵੱਖਰੇ-ਵੱਖਰੇ ਲੱਛਣਾਂ ਨਾਲ ਦੱਸਦੇ ਹਨ। ਕੀਮਤਾਂ ਦਾ ਵਧਣਾ ਤਣਾਓ ਉਪਜਾਉਂਦਾ ਹੈ। ਇਸ ਨਾਲ ਹਿੰਸਾ ਅਤੇ ਲੁੱਟਾਂ-ਖੋਹਾਂ ਵਧਦੀਆਂ ਹਨ। ਬੇਰੁਜ਼ਗਾਰੀ ਮੁਜਰਿਮ ਉਪਜਾਉਂਦੀ ਹੈ। ਭੈੜੀਆਂ ਖ਼ਬਰਾਂ ਜੀਵਨ ਦੀ ਤਸੱਲੀ ਘਟਾਉਂਦੀਆਂ ਹਨ। ਵਧ ਰਹੇ ਜੁਰਮਾਂ ਕਾਰਨ ਪੁਲੀਸ ਪ੍ਰੇਸ਼ਾਨ ਹੈ। ਵਿਦਿਆਰਥੀਆਂ ਵਾਸਤੇ ਦਾਖਲੇ ਤੋਂ ਰੁਜ਼ਗਾਰ ਤਕ ਦੇ ਹਰੇਕ ਪੜਾਓ 'ਤੇ ਤਣਾਓ ਹੈ। ਸੂਚਨਾ ਦੇ ਸਰੋਤਾਂ ਦੀ ਭਰਮਾਰ ਕਾਰਨ ਹਰ ਕਿਸੇ ਵਿਚ ਆਪਣੇ ਪਛੜ ਜਾਣ ਦਾ ਤਣਾਓ ਹੈ। ਪਰਿਵਰਤਨ ਦੇ ਦੌਰ ਵਿਚ ਪਰੰਪਰਕ ਜੀਵਨ-ਜਾਚ ਕਾਰਨ ਸਾਧਾਰਨ ਲੋਕ ਨਜ਼ਰ-ਅੰਦਾਜ਼ ਹੋ ਰਹੇ ਹਨ ਜਿਸ ਕਾਰਨ ਲੋਕਾਂ ਦੀ ਵੱਡੀ ਗਿਣਤੀ ਦੀ ਕਿਧਰੇ ਵਾਰੀ ਹੀ ਨਹੀਂ ਆਉਂਦੀ। ਕੁਝ ਵੀ ਕਰੋਗੇ, ਤਣਾਓ ਉਪਜੇਗਾ ਕਿਉਂਕਿ ਰੁਕਾਵਟਾਂ ਤਣਾਓ ਉਪਜਾਉਂਦੀਆਂ ਹਨ। ਜੇ ਕੁਝ ਨਹੀਂ ਕਰੋਗੇ ਤਾਂ ਵਧੇਰੇ ਤਣਾਓ ਉਪਜੇਗਾ। ਤਣਾਓ ਦਾ ਉਪਜਣਾ ਆਧੁਨਿਕ ਵਿਕਾਸ ਦਾ ਸਿੱਟਾ ਹੈ। ਹੋਰ ਵਿਕਾਸ ਵਾਪਰੇਗਾ, ਹੋਰ ਤਣਾਓ ਉਪਜੇਗਾ। ਹੁਣ ਤਾਂ ਸਥਿਤੀਆਂ ਵੀ ਤਣਾਓ ਉਪਜਾਉਂਦੀਆਂ ਹਨ। ਵਿਦੇਸ਼ ਜਾਣ ਦੀ ਸੰਭਾਵਨਾ, ਵਿਆਹ ਹੋਣ ਦਾ ਅਵਸਰ, ਰੁਜ਼ਗਾਰ ਲੱਗਣ ਦੀ ਸੂਚਨਾ ਆਦਿ ਸਥਿਤੀਆਂ ਤਾਂ ਸੁਖਾਵੀਆਂ ਹਨ, ਪਰ ਥੋੜ੍ਹੀ ਦੇਰ ਮਗਰੋਂ ਹੀ, ਵਧਾਈਆਂ ਮੁੱਕਣ ਉਪਰੰਤ ਹਰ ਕੋਈ ਗੋਤੇ ਖਾਣ ਲੱਗ ਪੈਂਦਾ ਹੈ। ਤਣਾਓ ਦਾ ਭਾਰਤੀ ਸੰਕਲਪ ਪੱਛਮੀ ਸੰਕਲਪ ਨਾਲੋਂ ਵੱਖਰਾ ਹੈ। ਪੱਛਮੀ ਜੀਵਨ-ਜਾਚ ਵਿਚ ਤਣਾਓ ਦਾ ਸਵਾਗਤ ਹੈ। ਯੂਰੋਪ ਵਿਚ ਫੁੱਟਬਾਲ ਦੇ ਮੈਚ ਤਣਾਓ ਅਤੇ ਦਬਾਓ ਬਰਦਾਸ਼ਤ ਕਰਨ ਦੀ ਪਰਖ ਹੁੰਦੇ ਹਨ। ਜੇ ਜੀਵਨ ਵਿਚ ਚੁਣੌਤੀਆਂ ਨਾ ਹੋਣ ਤਾਂ ਇਹ ਉਪਜਾਈਆਂ ਜਾਂਦੀਆਂ ਹਨ। ਯੂਰੋਪ ਅਤੇ ਅਮਰੀਕਾ ਆਦਿ ਦੇਸ਼ਾਂ ਵਿਚ ਖੇਡਾਂ, ਨਵੇਂ ਧੰਦਿਆਂ, ਕਾਢਾਂ ਆਦਿ ਵਿਚ ਉਹੀ ਭਾਗ ਲੈਂਦੇ ਹਨ ਜਿਨ੍ਹਾਂ ਵਿਚ ਤਣਾਓ ਅਤੇ ਦਬਾਓ ਬਰਦਾਸ਼ਤ ਕਰਨ ਦੀ ਸਮਰੱਥਾ ਹੁੰਦੀ ਹੈ। ਸਾਰੇ ਵਿਸ਼ਵ ਰਿਕਾਰਡ ਅਧਿਕਤਮ ਦਬਾਓ ਅਤੇ ਉਚਤਮ ਤਣਾਓ ਵਿਚੋਂ ਗੁਜ਼ਰ ਕੇ ਹੀ ਸਥਾਪਤ ਕੀਤੇ ਗਏ ਹਨ। ਅਸੀਂ ਭਾਰਤੀ ਤਣਾਓ-ਦਬਾਓ ਤੋਂ ਬਹੁਤ ਡਰਦੇ ਹਾਂ। ਭਾਰਤੀ ਸਭਿਅਤਾ ਵਿਚ ਤਣਾਓ ਅਤੇ ਟਕਰਾਓ ਨੂੰ ਕਲੇਸ਼ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਕਲੇਸ਼ ਦੁੱਖ ਉਪਜਾਉਂਦਾ ਹੈ, ਸੋ ਮਨ ਦੀ ਸ਼ਾਂਤੀ ਸਾਡਾ ਸਿਖਰਲਾ ਉਦੇਸ਼ ਹੈ। ਸਾਡੇ ਕੋਲ ਦੁੱਖ ਦਾ ਸੰਕਲਪ ਹੈ, ਤਣਾਓ-ਦਬਾਓ ਦਾ ਸੰਕਲਪ ਨਹੀਂ ਹੈ। ਸਾਡੇ ਗ੍ਰੰਥ ਮਨ ਨੂੰ ਸ਼ਾਂਤ ਕਰਨ ਦੇ ਉਦੇਸ਼ ਅਧੀਨ ਰਚੇ ਗਏ ਹਨ। ਬੁੱਧ ਅਨੁਸਾਰ ਹਰੇਕ ਚਿੰਤਾ ਜਾਂ ਤਣਾਓ ਦੀ ਜੜ੍ਹ ਇੱਛਾ ਵਿਚ ਹੈ। ਗੀਤਾ ਕਹਿੰਦੀ ਹੈ ਕਰਤੱਵ ਦੀ ਪਾਲਣਾ ਕਰੋ, ਫਲ ਦੀ ਇੱਛਾ ਨਾ ਕਰੋ ਜਦੋਂਕਿ ਬੁੱਧ ਕਹਿੰਦਾ ਹੈ ਕਿ ਇੱਛਾ ਹੀ ਨਾ ਕਰੋ। ਇਨ੍ਹਾਂ ਕਾਰਨਾਂ ਕਰਕੇ ਸੰਨਿਆਸ ਅਤੇ ਮੋਕਸ਼ ਸਾਡੇ ਆਦਰਸ਼ ਹਨ। ਸਾਡੇ ਧਰਮ ਤਿਆਗ 'ਤੇ ਬਲ ਦਿੰਦੇ ਹਨ, ਵਰਧਮਾਨ-ਮਹਾਂਵੀਰ ਵਾਲੇ ਸਮੁੱਚੇ ਤਿਆਗ ਉੱਤੇ। ਪੱਛਮੀ ਜੀਵਨ-ਆਦਰਸ਼ ਪ੍ਰਾਪਤੀ ਹੈ। ਉਹ ਸਭ ਤੋਂ ਲੰਮਾ ਪੁਲ, ਸਭ ਤੋਂ ਉੱਚੀ ਇਮਾਰਤ, ਸਭ ਤੋਂ ਵੱਡਾ ਜਹਾਜ਼ ਉਸਾਰਨ ਵਿਚ ਦਿਲਚਸਪੀ ਲੈਂਦੇ ਹਨ। ਸਾਡੇ ਜੀਵਨ ਦਾ ਪੱਛਮੀਕਰਨ ਅਤੇ ਵਿਸ਼ਵੀਕਰਨ ਸਾਡੇ ਤੋਂ ਮਨ ਦੀ ਸ਼ਾਂਤੀ ਖੋਹਣ ਲੱਗ ਪਿਆ ਹੈ ਜਿਸ ਕਾਰਨ ਚਿੰਤਾ ਅਤੇ ਤੌਖ਼ਲਾ ਸਾਡੀਆਂ ਮੁੱਖ ਸਮੱਸਿਆਵਾਂ ਬਣ ਗਈਆਂ ਹਨ। ਸਾਡੇ ਹਸਪਤਾਲਾਂ ਵਿਚ ਦਾਖਲ ਮਰੀਜ਼ ਟੁਰਨ-ਫਿਰਨ ਦਾ ਯਤਨ ਕਰਨ ਦੀ ਥਾਂ ਲੇਟੇ ਰਹਿਣ ਨੂੰ ਤਰਜੀਹ ਦਿੰਦੇ ਹਨ। ਸਾਡੀ ਖ਼ੁਰਾਕ ਵਿਚ ਸਰੀਰ ਨੂੰ ਤਾਕਤ ਦੇਣ ਵਾਲੇ ਤੱਤ ਨਾ ਹੋਣ ਕਾਰਨ ਅਸੀਂ ਜਲਦੀ ਥੱਕ ਜਾਂਦੇ ਹਾਂ। ਸਾਡੇ ਵਿਹਾਰ ਅਤੇ ਕਥਨਾਂ ਵਿਚ ਵੀ ਥਕਾਵਟ ਹੈ। ਆਪਣੇ ਤਣਾਓ ਨਾਲ ਨਜਿੱਠਣ ਦਾ ਹਰ ਕਿਸੇ ਦਾ ਨਿਵੇਕਲਾ ਢੰਗ ਹੁੰਦਾ ਹੈ, ਪਰ ਕੁਝ ਲੱਛਣ ਸਾਰਿਆਂ ਦੇ ਸਾਂਝੇ ਹੁੰਦੇ ਹਨ। ਜਿਵੇਂ ਜੇ ਹੜ੍ਹ ਆਇਆ ਹੋਵੇ ਤਾਂ ਹਰ ਕੋਈ ਵੱਖਰੀ ਕਿਸਮ ਦੇ ਉਪਰਾਲੇ ਕਰਦਾ ਹੈ, ਪਰ ਬਹੁਤੇ ਇਕੋ ਜਿਹੇ ਹੁੰਦੇ ਹਨ। ਕਈ ਵਾਰੀ ਤਣਾਓ ਦਬ ਜਾਂਦਾ ਹੈ, ਪਰ ਕੁਝ ਚਿਰ ਮਗਰੋਂ ਇਹ ਨਵਾਂ ਰੂਪ ਧਾਰ ਕੇ ਉਪਜਦਾ ਹੈ। ਪਹਿਲਾਂ ਸਿਰ ਹੀ ਦੁਖਦਾ ਹੈ, ਫਿਰ ਦੌਰੇ ਵੀ ਪੈਣ ਲੱਗ ਪੈਂਦੇ ਹਨ। ਭਾਵੁਕ ਉਲਝਣਾਂ, ਮਾਨਸਿਕ ਸਮੱਸਿਆਵਾਂ ਬਣ ਜਾਂਦੀਆਂ ਹਨ। ਇਕ ਪਤੀ ਨੇ ਵਿਆਹ ਉਪਰੰਤ ਮੁੱਢਲੇ ਦਿਨਾਂ ਵਿਚ ਪਤਨੀ ਨੂੰ ਕਿਹਾ ਕਿ ਤੂੰ ਸੋਹਣੀ ਨਹੀਂ, ਤੇਰੀ ਭੈਣ ਬੜੀ ਸੋਹਣੀ ਹੈ। ਇਹ ਗੱਲ ਕਹਿਣ ਕਰਕੇ ਪਤਨੀ ਉਸ ਨੂੰ ਮਰਨ ਤਕ ਤੰਗ ਕਰਦੀ ਰਹੀ। ਵਿਆਹ ਨਾ ਹੋਣਾ, ਬੱਚਾ ਨਾ ਹੋਣਾ, ਰੁਜ਼ਗਾਰ ਨਾ ਲੱਗਣਾ, ਪ੍ਰੀਖਿਆ ਵਿਚੋਂ ਪਾਸ ਨਾ ਹੋਣਾ ਖਹਿੜਾ ਛੱਡਣ ਵਾਲੀਆਂ ਸਮੱਸਿਆਵਾਂ ਨਹੀਂ। ਇਕ ਅਧਿਆਪਕ ਕਲਾਸ ਵਿਚ ਉਬਾਸੀਆਂ ਲੈਣ ਵਾਲਿਆਂ ਨੂੰ ਸਜ਼ਾ ਦਿੰਦਾ ਸੀ। ਉਸ ਨੂੰ ਕਦੇ ਵੀ ਖਿਆਲ ਨਾ ਆਇਆ ਕਿ ਉਸ ਦੇ ਪੜ੍ਹਾਉਣ ਦਾ ਢੰਗ ਇਤਨਾ ਨੀਰਸ ਅਤੇ ਅਕਾਊ ਸੀ ਕਿ ਵਿਦਿਆਰਥੀਆਂ ਦਾ ਦਿਮਾਗ਼ ਹੀ ਸੌਂ ਜਾਂਦਾ ਸੀ। ਇਕ ਡਾਕਟਰ ਮਰੀਜ਼ਾਂ ਨੂੰ ਇੰਨਾ ਡਰਾ ਦਿੰਦਾ ਸੀ ਕਿ ਉਸ ਦੇ ਮਰੀਜ਼ ਅਜੀਬ ਅਜੀਬ ਹਰਕਤਾਂ ਕਰਨ ਲੱਗ ਪੈਂਦੇ ਸਨ। ਜੇ ਸਮੱਸਿਆ ਦੀ ਪਛਾਣ ਹੋ ਜਾਵੇ, ਇਲਾਜ ਸਬੰਧੀ ਨਿਰਣਾ ਤੇ ਇਲਾਜ ਕਰਨਾ ਅਤੇ ਸਮੱਸਿਆ ਨੂੰ ਹੱਲ ਕਰਨਾ ਸੌਖਾ ਹੋ ਜਾਂਦਾ ਹੈ।

ਗੱਡੀ ਦਾ ਲੇਟ ਹੋਣਾ, ਬੱਚੇ ਦੀ ਸਕੂਲ ਵਿਚੋਂ ਵਾਪਸੀ ਵਿਚ ਦੇਰ ਹੋਣੀ, ਕਈ ਮਹੀਨੇ ਤਨਖ਼ਾਹ ਨਾ ਮਿਲਣੀ ਆਦਿ ਜਿਹੀਆਂ ਨਿਤਾਪ੍ਰਤੀ ਦੀਆਂ ਸਮੱਸਿਆਵਾਂ ਵੀ ਤਣਾਓ ਉਪਜਾਉਂਦੀਆਂ ਹਨ। ਨੌਕਰੀ ਤੋਂ ਜਵਾਬ, ਤਲਾਕ, ਜੀਵਨ ਸਾਥੀ ਦਾ ਵਿਛੋੜਾ, ਸੇਵਾਮੁਕਤੀ ਆਦਿ ਸਥਿਤੀ ਗੰਭੀਰ ਤਣਾਓ ਉਪਜਾਉਂਦੀ ਹੈ ਜਿਸ ਕਾਰਨ ਵਿਅਕਤੀ ਦਾ ਵਿਹਾਰ ਪ੍ਰਭਾਵਿਤ ਹੁੰਦਾ ਹੈ।



# ਕੈਪਟਨ ਦਾ ਕਾਂਗਰਸ ਤੋਂ ਅਸਤੀਫ਼ਾ

## 'ਤੁਸੀਂ ਮੇਰੇ ਨਾਲ 1975 ਦੀ ਐਮਰਜੈਂਸੀ ਵਰਗੀ ਸਰਕਸ ਕੀਤੀ'

ਹੈ ਜਿਸ ਵਿੱਚ ਮੈਂ ਆਪਣੇ ਅਸਤੀਫ਼ੇ ਦੇ ਕਾਰਨਾਂ ਬਾਰੇ ਦੱਸਿਆ ਹੈ।÷

ਮੇਰੀ ਨਵੀਂ ਪਾਰਟੀ ਦਾ ਨਾਮ ਪੰਜਾਬ ਲੋਕ ਕਾਂਗਰਸ ਹੈ ਜਿਸ ਦਾ ਰਜਿਸਟ੍ਰੇਸ਼ਨ ਚੋਣ ਕਮਿਸ਼ਨ ਕੋਲ ਪੈਂਡਿੰਗ ਹੈ। ਪਾਰਟੀ ਦਾ ਚੋਣ ਨਿਸ਼ਾਨ ਵੀ ਅਜੇ ਮਨਜ਼ੂਰ ਹੋਣਾ ਹੈ।÷

ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਇੱਕ ਲੰਬੇ ਦੌਰ ਦੀ ਤਲਖ਼ੀ ਤੋਂ ਬਾਅਦ ਕੈਪਟਨ ਅਮਰਿੰਦਰ ਨੇ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਉਸ ਵੇਲੇ ਉਨ੍ਹਾਂ ਨੇ ਕਿਹਾ ਸੀ ਕਿ ਕਾਂਗਰਸ ਪਾਰਟੀ ਵਿੱਚ ਲੰਬੇ ਸਮੇਂ ਤੱਕ ਆਪਣੀਆਂ ਸੇਵਾਵਾਂ ਦੇਣ ਦੇ ਬਾਵਜੂਦ ਉਨ੍ਹਾਂ ਦਾ ਅਪਮਾਨ ਹੋਇਆ ਹੈ।

ਕੈਪਟਨ ਦੇ ਅਸਤੀਫ਼ੇ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਗਿਆ ਸੀ।

ਕੈਪਟਨ ਅਮਰਿੰਦਰ ਸਿੰਘ ਨੇ 7 ਪੇਜਾਂ ਦੇ ਅਸਤੀਫ਼ੇ ਵਿੱਚ ਲੋਕ ਸੇਵਾ ਲਈ ਆਪਣੇ ਅਤੇ ਆਪਣੇ ਪਰਿਵਾਰ ਦੇ ਯੋਗਦਾਨ ਬਾਰੇ ਜ਼ਿਕਰ ਕੀਤਾ ਹੈ।

ਉਨ੍ਹਾਂ ਨੇ ਇਸ ਵਿੱਚ ਸਿਆਸਤ ਵਿੱਚ ਆਉਣ ਦੇ ਆਪਣੇ ਇਤਿਹਾਸ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਆਪਣੇ ਕੰਮ ਵੀ ਗਿਣਵਾਏ।


GETTY IMAGES

ਇਸ ਤੋਂ ਬਾਅਦ ਉਨ੍ਹਾਂ ਅਸਤੀਫ਼ੇ ਦੇ ਮੁੱਖ ਬਿੰਦੂਆਂ ਨੂੰ ਚਿੱਠੀ ਵਿੱਚ ਇਸ ਤਰ੍ਹਾਂ ਪੇਸ਼ ਕੀਤੇ।

**ਮਾੜੀ ਨੀਯਤ ਦੀ ਬਦਬੂ ਆ ਰਹੀ ਸੀ**

ਸਭ ਤੋਂ ਮਾੜਾ ਕਾਰਾ ਉਹ ਸੀ ਜਦੋਂ ਅੱਧੀ ਰਾਤ ਨੂੰ ਸੀਐੱਲਪੀ ਦੀ ਬੈਠਕ
ਬੁਲਾ ਕੇ ਤੁਹਾਡੇ ਅਤੇ ਤੁਹਾਡੇ ਬੱਚਿਆਂ ਦੇ ਇਸ਼ਾਰਿਆਂ ਤੇ ਮੇਰੇ ਖ਼ਿਲਾਫ਼ ਸਾਜਿਸ਼ ਰਚੀ ਗਈ, ਉਹ ਵੀ ਰਾਹੀਂ ਟਵਿੱਟਰ।

ਸੀਐੱਲਪੀ ਲੀਡਰ ਹੋਣ ਦੇ ਨਾਤੇ ਮੀਟਿੰਗ ਸੱਦਣਾ ਮੇਰਾ ਕੰਮ ਸੀ। ਅਗਲੀ ਸਵੇਰ ਹੀ ਮੈਨੂੰ ਮੇਰੇ ਸਹਿਕਰਮੀ ਨੇ ਦੱਸਿਆ ਕਿ ਅਜਿਹਾ ਅਪਮਾਨਜਨਕ ਕਾਰਾ ਕੀਤਾ ਗਿਆ ਹੈ।

ਮੈਨੂੰ ਲੱਗਾ ਕਿ ਇਰਾਦਾ ਸਵੈ-ਮਾਣ ਵਾਲੇ ਬਜ਼ੁਰਗ ਸੈਨਿਕ ਨੂੰ ਨੀਚਾ ਦਿਖਾਉਣਾ ਅਤੇ ਅਪਮਾਨਿਤ ਕਰਨ ਵਾਲਾ ਸੀ।

ਅਗਲੀ ਸਵੇਰ ਮੈਨੂੰ 10 ?15 ਵਜੇ ਫੋਨ ਆਇਆ ਅਤੇ ਮੈਨੂੰ ਅਸਤੀਫ਼ਾ ਦੇਣ ਲਈ ਕਿਹਾ ਅਤੇ ਬਿਨਾਂ ਪਲਕ ਝਪਕੇ ਅਜਿਹਾ ਹੀ ਕੀਤਾ।

ਹਾਲਾਂਕਿ, ਏਆਈਸੀਸੀ ਦੇ ਵਰਕਰਾਂ ਵੱਲੋਂ ਜਿਸ ਤਰੀਕੇ ਨਾਲ ਸਾਰੀ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ ਸੀ, ਉਸ ਤੋਂ ਉਨ੍ਹਾਂ ਦੀ ਮਾੜੀ ਨੀਤ ਦੀ ਬਦਬੂ ਆ ਰਹੀ ਸੀ।

ਤੁਸੀਂ ਸੋਚਿਆ ਹੋਣਾ ਕਿ ਜੇ ਤੁਸੀਂ ਜੂਨ 1975 ਵਰਗੀ ਐਮਰਜੈਂਸੀ ਵਰਗਾ ਇਹ ਸਰਕਸ ਨਾ ਕਰਦੇ ਤਾਂ ਮੈਂ ਵਿਧਾਇਕਾਂ ਨੂੰ ਕਿਸੇ ਰਿਜ਼ੋਰਟ ਵਿੱਚ ਲੁਕਾ ਲੈਂਦਾ।

ਬੀਤੇ 52 ਸਾਲਾਂ ਤੋਂ ਮੈਨੂੰ ਨਿੱਜੀ ਤੌਰ ਤੇ ਜਾਣਦਿਆਂ ਹੋਇਆਂ ਵੀ ਤੁਸੀਂ ਮੈਨੂੰ ਤੇ ਮੇਰੇ ਕਿਰਦਾਰ ਨੂੰ ਨਹੀਂ ਸਮਝ ਸਕੇ।


**ਇਤਰਾਜ਼ ਦੇ ਬਾਵਜੂਦ ਸਿੱਧੂ ਨੂੰ ਸੂਬਾ ਪ੍ਰਧਾਨ ਪ੍ਰਧਾਨ ਬਣਾਇਆ**

ਮੇਰੇ ਜ਼ਬਰਦਸਤ ਇਤਰਾਜ਼ ਅਤੇ ਕਾਂਗਰਸ ਦੇ ਕਰੀਬ ਸਾਰੇ ਸੰਸਦ ਮੈਂਬਰਾਂ ਦੀ ਸਲਾਹ ਦੇ ਬਾਵਜੂਦ ਤੁਸੀਂ ਪਾਕਿਸਤਾਨ ਦੇ ਹਮਾਇਤੀ ਨਵਜੋਤ ਸਿੰਘ ਨੂੰ ਪੰਜਾਬ ਕਾਂਗਰਸ ਦਾ ਸੂਬਾ ਪ੍ਰਧਾਨ ਬਣਾਇਆ।

ਉਹ ਨਵਜੋਤ ਸਿੰਘ ਸਿੱਧੂ ਜਿਨ੍ਹਾਂ ਨੇ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਬਾਜਵਾ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਜਨਤਕ ਤੌਰ ਤੇ ਗਲੇ ਲਗਾਇਆ ਸੀ।

ਖ਼ਾਨ ਅਤੇ ਬਾਜਵਾ ਦੋਵੇਂ ਹੀ ਸਰਹੱਦ ਪਾਰੋਂ ਭਾਰਤ ਵਿੱਚ ਅੱਤਵਾਦੀ ਭੇਜਣ ਲਈ ਜ਼ਿੰਮੇਵਾਰ ਹਨ।



# ਗੁਰੂ ਨਾਨਕ ਦੇ ਰਾਹਾਂ ਦਾ ਸਾਥੀ ਭਾਈ ਮਰਦਾਨਾ ਜੀ



ਭਾਈ ਮਰਦਾਨੇ ਦਾ ਜਨਮ ਰਾਇ ਭੋਇੰ ਦੀ ਤਲਵੰਡੀ ਵਿਖੇ 1459 ਈ: ਨੂੰ ਪਿਤਾ ਬਾਦਰਾ ਦੇ ਘਰ ਮਾਤਾ ਲੱਖੋ ਜੀ ਦੀ ਕੁੱਖੋਂ ਹੋਇਆ। ਮਰਦਾਨੇ ਦੇ ਪਹਿਲੇ ਸਾਰੇ ਭੈਣ ਭਰਾ ਮਰ ਗਏ ਸਨ। ਜਦੋਂ ਮਰਦਾਨਾ ਪੈਦਾ ਹੋਇਆ ਤਾਂ ਉਸਦੀ ਮਾਂ ਲੱਖੋ ਨੇ ਪੂਰੀ ਬੇ-ਦਿਲੀ ਤੇ ਨਿਰਾਸ਼ਤਾ ਵਿਚ ਉਸ ਨੂੰ 'ਮਰ ਜਾਣਾ' ਭਾਵ ਮਰ ਜਾਣ ਵਾਲਾ ਕਿਹਾ। ਮਰਦਾਨੇ ਦਾ ਪਹਿਲਾ ਨਾਂ ਦਾਨਾ ਸੀ। ਜਦੋਂ ਰਬਾਬ ਦੀ ਮਧੁਰ ਆਵਾਜ਼ ਗੁਰੂ ਜੀ ਦੇ ਕੰਨੀਂ ਪਈ ਤਾਂ ਉਨ੍ਹਾਂ ਨੇ ਉਸ ਦੇ ਕੋਲ ਜਾ ਕੇ ਉਸ ਦਾ ਨਾਂ ਪੁੱਛਿਆ। ਮਰਦਾਨੇ ਨੇ ਆਪਣਾ ਨਾਂ 'ਦਾਨਾ' ਦੱਸਿਆ। ਗੁਰੂ ਜੀ ਨੇ ਉਸਨੂੰ ਮਰਦਾਨਾ ਕਿਹਾ। ਜਿਸ ਦਾ ਭਾਵ ਬਹਾਦਰ ਜਾਂ ਨਾ ਮਰ ਜਾਣ ਵਾਲਾ ਸੀ। ਭਾਈ ਮਰਦਾਨਾ ਜੀ ਪਿਤਾ ਪੁਰਖੀ ਕਿੱਤੇ ਨੂੰ ਸਮਰਪਿਤ ਵਧੀਆ ਰਬਾਬ ਵਜਾ ਲੈਂਦੇ ਸਨ।

ਗੁਰੂ ਨਾਨਕ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ ਰਾਇ ਬੁਲਾਰ ਦੇ ਦਸਾਂ ਪਿੰਡਾਂ ਦੇ ਪਟਵਾਰੀ ਸਨ। ਭਾਈ ਮਰਦਾਨੇ ਦੇ ਪਿਤਾ ਬਾਦਰਾ ਦਾ ਗੁਰੂ ਸਾਹਿਬ ਦੇ ਘਰੇ ਆਉਣਾ ਜਾਣਾ ਸੀ। ਮਰਾਸੀ ਹੋਣ ਦੇ ਨਾਤੇ ਉਸਦੇ ਟੱਬਰ ਦੀਆਂ ਲੋੜਾਂ ਰੋਜ਼ੀ ਰੋਟੀ ਗੁਰੂ ਜੀ ਦੇ ਪਰਿਵਾਰ ਨਾਲ ਜੁੜੀਆਂ ਹੋਈਆਂ ਸਨ। ਭਾਈ ਮਰਦਾਨੇ ਦਾ ਨਾਨਕ ਦੀਆਂ ਨਜ਼ਰਾਂ ਵਿਚ ਆਉਣ ਦਾ ਸ਼ਾਇਦ ਇਹੀ ਕਾਰਨ ਹੋਵੇ ਪਰ ਇਸਤੋਂ ਵੀ ਵਧ ਕੇ ਜਦੋਂ ਦਿਲਾਂ ਨੂੰ ਦਿਲਾਂ ਦੀ ਖਿੱਚ ਹੋਵੇ, ਪ੍ਰੀਤਮ ਪਿਆਰੇ ਨੂੰ ਮਿਲਣ ਦੀ ਤਾਂਘ ਹੋਵੇ ਤਾਂ ਕੁਦਰਤ ਕੋਈ ਨਾ ਕੋਈ ਬਹਾਨਾ ਤਾਂ ਬਣਾਉਂਦੀ ਹੈ। ਇਸ ਪ੍ਰਕਾਰ ਭਾਈ ਮਰਦਾਨਾ ਅਤੇ ਗੁਰੂ ਨਾਨਕ ਇਕ ਦੂਜੇ ਦੇ ਨੇੜੇ ਆਉਂਦੇ ਹਨ। ਭਾਈ ਮਨੀ ਸਿੰਘ ਦੀਆਂ ਸਾਖੀਆਂ ਅਨੁਸਾਰ ਭਾਈ ਮਰਦਾਨੇ ਦਾ ਗੁਰੂ ਨਾਨਕ ਜੀ ਨਾਲ ਪਹਿਲਾ ਮੇਲ ਲਗਭਗ ਸੰਨ 1480 ਵਿਚ ਹੋਇਆ ਦੱਸਿਆ ਹੈ। ਜਦੋਂ ਗੁਰੂ ਨਾਨਕ ਦੀ ਉਮਰ 11 ਸਾਲ ਅਤੇ ਭਾਈ ਮਰਦਾਨੇ ਦੀ ਉਮਰ 21 ਸਾਲ ਸੀ। ਦੋਵੇਂ ਪਿਆਰ ਦੇ ਬੰਧਨ ਵਿਚ ਬੱਝੇ ਗਏ। ਇਕ ਦੂਜੇ ਨਾਲ ਚੋਲੀ ਦਾਮਨ ਦਾ ਰਿਸ਼ਤਾ ਬਣ ਗਿਆ। ਦੋਵੇਂ ਰਲ ਕੇ ਗਾਉਣ ਲੱਗੇ। ਦੋਹਾਂ ਦੀ ਸਾਂਝ ਰਾਗ ਸੀ। ਸ਼ਬਦ ਗਾਇਨ ਸੀ। ਗੁਰੂ ਨਾਨਕ ਜਦ ਵੀ ਬੋਲਦੇ ਇਹ ਕਹਿੰਦੇ ਮਰਦਾਨਿਆ ਰਬਾਬ ਵਜਾਇ ਬਾਣੀ ਆਈ ਏ। ਇਕ ਮੁਰਸ਼ਦ ਤੇ ਦੂਜਾ ਮੁਰੀਦ।

ਭਾਈ ਮਨੀ ਸਿੰਘ ਨੇ ਜਿਥੇ ਬਾਬੇ ਨਾਨਕ ਤੇ ਭਾਈ ਮਰਦਾਨੇ ਦੇ ਮੇਲ ਬਾਰੇ ਸੰਕੇਤ ਦਿੱਤਾ ਹੈ, ਉਥੇ ਉਨ੍ਹਾਂ ਨੇ ਇਸ ਵਾਕਿਆ ਵਿਚ ਥੋੜ੍ਹਾ ਅੰਤਰ ਵੀ ਪਾਇਆ ਹੈ। ਪਹਿਲੇ ਵਾਕਿਆ ਅਨੁਸਾਰ ਮਰਦਾਨੇ ਦੀ ਮਾਤਾ ਨੇ ਇਕ ਦਿਨ ਦਾਣਿਆਂ ਦੀ ਤੰਗੀ ਮਹਿਸੂਸ ਕਰਕੇ ਭਾਈ ਮਰਦਾਨੇ ਨੂੰ ਕਿਹਾ ਸੀ, ਕਿਸੇ ਕੋਠਾ ਕਿਸੇ ਪੱਲਾ, ਮੈਨੂੰ ਆਸ ਤੇਰੀ ਅੱਲਾ। ਗੁਰੂ ਨਾਨਕ ਦੇਵ ਜੀ ਅਜੇ ਬਾਲ ਅਵਸਥਾ ਵਿਚ ਹੀ ਸਨ ਤੇ ਬਾਲਕਾਂ ਨਾਲ ਖੇਡ ਕੇ ਮੁੜੇ ਆਉਂਦੇ ਸਨ ਤੇ ਉਨ੍ਹਾਂ ਦੇ ਕੰਨੀਂ ਭਾਈ ਮਰਦਾਨੇ ਦੀ ਮਾਂ ਦੇ ਇਹ ਬੋਲ ਪਏ ਤਾਂ ਗੁਰੂ ਜੀ ਨੇ ਬਚਨ ਕੀਤੇ ਅਸੀਂ ਵੀ ਅੱਲਾ ਦਾ ਆਸਰਾ ਰੱਖਦੇ ਹਾਂ ਤੇ ਤੁਹਾਡਾ ਆਸਰਾ ਵੀ ਅੱਲਾ 'ਤੇ ਹੈ, ਸਾਨੂੰ ਅੱਲਾ ਵਾਲਿਆਂ ਦੀ ਅਤੀ ਲੋੜ ਹੈ। ਆਪਣਾ ਪੁੱਤਰ ਸਾਨੂੰ ਦੇ ਛੱਡ। ਭਾਈ ਮਨੀ ਸਿੰਘ ਦੀ ਸਾਖੀ ਅਤੇ ਸਿੱਖਾਂ ਦੀ ਭਗਤ ਮਾਲ ਅਨੁਸਾਰ ਇਕ ਦਿਨ ਮਰਦਾਨਾ ਸੁਭਾਵਿਕ ਹੀ ਬਾਬੇ ਨਾਨਕ ਦੇ ਦਰ ਅੱਗੇ ਆ ਕੇ ਲੱਗਾ ਰਬਾਬ ਵਜਾਉਣ। ਉਹ ਰਬਾਬ ਵਜਾ ਰਿਹਾ ਸੀ ਤੇ ਨਾਲ ਨਾਲ ਇਕ ਲੋਕ ਪ੍ਰਸਿੱਧ ਵਾਰ ਗਾ ਰਿਹਾ ਸੀ। ਬਾਲ ਗੁਰੂ ਨਾਨਕ ਨੇ ਉਸ ਰਬਾਬੀ ਨੂੰ ਪੁੱਛਿਆ, ਤੂੰ ਰਬਾਬ ਬੜੀ ਸੁਹਣੀ ਵਜਾਉਂਦਾ ਹੈਂ, ਤੇਰਾ ਨਾਮ ਕੀ ਹੈ? ਰਬਾਬੀ ਨੇ ਉੱਤਰ ਦਿੱਤਾ, ਮੇਰਾ ਨਾਮ ਮਰਦਾਨਾ ਹੈ, ਸੁਬਹਾਨ ਤੇਰੀ ਖ਼ੁਸ਼ੀ ਨੂੰ। ਰੱਬ ਤੁਹਾਨੂੰ ਬਹੁਤਾ ਦੇਵੇ ਜਿਨ੍ਹਾਂ ਮੇਰੇ ਰਾਗ ਦੀ ਕਦਰ ਪਾਈ। ਤੁਹਾਡੇ ਜੇਹੇ ਕਦਰਦਾਨਾਂ ਦੇ ਸਿਰ 'ਤੇ ਅਸੀਂ ਜਿਉਂਦੇ ਹਾਂ।

ਗੁਰੂ ਨਾਨਕ ਨੇ ਪ੍ਰਸੰਨ ਹੋ ਕੇ ਆਖਿਆ, ਮਰਦਾਨਿਆ ਤੇਰੀ ਰਬਾਬ ਸੁਣ ਕੇ ਮਹਿਸੂਸ ਹੁੰਦਾ ਹੈ ਕਿ ਤੈਨੂੰ ਰਾਗਾਂ ਦੀ ਬੜੀ ਸੂਝ ਹੈ, ਬੜੇ ਸਾਧੇ ਹੋਏ ਹੱਥਾਂ ਨਾਲ ਰਬਾਬ ਵਜਾਉਂਦਾ ਹੈਂ। ਕਿੰਨਾ ਚੰਗਾ ਹੋਵੇ ਜੇ ਰੱਬੀ ਬਾਣੀ ਇਹਨਾਂ ਰਾਗਾਂ ਵਿਚ ਗਾਂਵੇਂ। ਮੈਂ ਸ਼ਬਦ ਸਚੇ ਸਾਹਿਬ ਦੀ ਸਿਫ਼ਤ ਦੇ ਰਚਾਂਗਾ ਤੇ ਤੂੰ ਇਨ੍ਹਾਂ ਰਾਗਾਂ ਵਿਚ ਆਪਣੀ ਰਬਾਬ ਦੇ ਸੁਰ ਕਰੀਂ। ਤੇਰਾ ਇਸ ਲੋਕ ਵਿਚ ਵੀ ਉਧਾਰ ਹੋਵੇਗਾ ਤੇ ਪਰਲੋਕ ਵਿਚ ਵੀ। ਮਰਦਾਨੇ ਨੇ ਉੱਤਰ ਦਿੱਤਾ, ਮਹਾਰਾਜ ਅਸੀਂ ਧਨੀ ਲੋਕਾਂ ਨੂੰ ਵਾਰਾਂ ਤੇ ਗੀਤ ਸੁਣਾ ਕੇ ਚਾਰ ਪੈਸੇ ਖੱਟ ਕੇ ਲਿਆਉਂਦੇ ਹਾਂ ਅਤੇ ਆਪਣਾ ਟੱਬਰ ਪਾਲਦੇ ਹਾਂ। ਜੇ ਮੈਂ ਤੁਹਾਡੀ ਸੰਗਤ ਵਿਚ ਰਹਿ ਕੇ ਸ਼ਬਦ ਹੀ ਗਾਉਂਦਾ ਰਿਹਾ ਤਾਂ ਮੇਰੇ ਬਾਲ ਬੱਚਿਆਂ ਦਾ ਗੁਜ਼ਰਾਨ ਕਿਵੇਂ ਹੋਵੇਗਾ? ਜਿਥੋਂ ਤੱਕ ਮੇਰੇ ਉਧਾਰ ਦਾ ਸੁਆਲ ਹੈ, ਉਸ ਦੀ ਮੈਨੂੰ ਚਿੰਤਾ ਨਹੀਂ। ਮੈਂ ਪੰਜ ਨਮਾਜ਼ਾਂ ਪੜ੍ਹਦਾ ਹਾਂ ਤੇ ਰੋਜ਼ੇ ਵੀ ਰੱਖਦਾ ਹਾਂ। ਉਧਾਰ ਮੇਰਾ ਮੇਰੇ ਦੀਨ ਦੇ ਮੁਤਾਬਕ ਹੋ ਹੀ ਜਾਵੇਗਾ। ਰੱਬ ਤੁਹਾਡਾ ਭਲਾ ਕਰੇ, ਤੁਸਾਂ ਮੇਰੇ ਰਾਗ ਨੂੰ ਸਲਾਹਿਆ, ਮੈਨੂੰ ਮਾਣ ਬਖ਼ਸ਼ਿਆ।

ਮਰਦਾਨੇ ਦਾ ਰਾਗ, ਉਸਦੀ ਸੁਰੀਲੀ ਆਵਾਜ਼ ਤੇ ਸਾਧੇ ਹੋਏ ਹੱਥਾਂ ਵਿਚਲੀ ਰਬਾਬ ਦੀ ਰਵਾਨਗੀ-ਬਾਬੇ ਨਾਨਕ ਨੂੰ ਭਾਅ ਗਈ ਤੇ ਇਥੋਂ ਹੀ ਦੋਸਤੀ ਦਾ ਮੁੱਢ ਬੱਝਿਆ।

ਭਾਈ ਮਰਦਾਨਾ ਜੀ ਗੁਰੂ ਨਾਨਕ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਆਪਣੇ ਮੁਸਲਮਾਨੀ ਦੀਨ ਅਨੁਸਾਰ ਆਪਣਾ ਨਿੱਤਨੇਮ ਕਰਨ ਵਿਚ ਪੱਕੇ ਸਨ। ਪੰਜੇ ਵਕਤ ਦੀ ਨਮਾਜ਼ ਕਰਨੀ ਅਤੇ ਰੋਜ਼ੇ ਰੱਖਣਾ ਆਦਿ ਪਰ ਜਦੋਂ ਬਾਬੇ ਨਾਨਕ ਦੇ ਸੰਪਰਕ ਵਿਚ ਆਏ ਤਾਂ ਗੁਰੂ ਬਾਬੇ ਨੇ ਤਿੰਨ ਗੱਲਾਂ ਮਰਦਾਨਾ ਜੀ ਨੂੰ ਦ੍ਰਿੜ੍ਹ ਕਰਵਾਈਆਂ: 1. ਪਿਛਲੀ ਰਾਤੀਂ ਸਤਿਨਾਮ ਦਾ ਜਾਪ ਕਰਨਾ, 2. ਕੇਸ ਨਹੀਂ ਕਟਵਾਉਣੇ 3. ਆਏ-ਗਏ ਲੋੜਵੰਦ ਦੀ ਮੱਦਦ ਕਰਨੀ। ਇਨ੍ਹਾਂ ਗੱਲਾਂ ਨੂੰ ਭਾਈ ਮਰਦਾਨੇ ਨੇ ਆਪਣੇ ਲੜ ਬੰਨ੍ਹ ਲਿਆ।

ਇਹ ਤਾਂ ਸਪੱਸ਼ਟ ਹੈ ਕਿ ਭਾਈ ਮਰਦਾਨੇ ਦਾ ਗੁਰੂ ਨਾਨਕ ਜੀ ਨਾਲ ਪਹਿਲਾ ਮੇਲ ਤਾਂ ਤਲਵੰਡੀ ਵਿਖੇ ਹੀ ਹੋਇਆ। ਲਗਭਗ 7 ਸਾਲ (1480-1487) ਤੱਕ ਆਪ ਨੇ ਗੁਰੂ ਜੀ ਦੀ ਸੰਗਤ ਕੀਤੀ। ਗੁਰੂ ਨਾਨਕ ਜੀ ਬਾਣੀ ਉਚਾਰਦੇ ਤੇ ਮਰਦਾਨਾ ਜੀ ਉਸ ਬਾਣੀ ਨੂੰ ਰਾਗ-ਬੱਧ ਕਰਕੇ ਗਾਉਂਦੇ।

ਜਦੋਂ ਗੁਰੂ ਨਾਨਕ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ ਗੁਰੂ ਜੀ ਨੂੰ ਦੁਨਿਆਵੀ ਕੰਮਾਂ ਕਾਰਾਂ ਵੱਲ ਮੋੜਨ ਲਈ ਸੁਲਤਾਨਪੁਰ ਲੋਧੀ ਵਿਖੇ ਬੇਬੇ ਨਾਨਕੀ ਜੀ ਕੋਲ ਭੇਜ ਦਿੱਤਾ ਤਾਂ ਭਾਈ ਮਰਦਾਨਾ ਜੀ ਬਹੁਤ ਉਦਾਸ ਹੋਏ ਪਰ ਭਾਈ ਮਰਦਾਨੇ ਦੀ ਗੁਰੂ ਸਾਹਿਬ ਨੂੰ ਮਿਲਣ ਦੀ ਤਾਂਘ ਛੇਤੀ ਹੀ ਪੂਰੀ ਹੋ ਗਈ।

ਭਾਵੇਂ ਭਾਈ ਮਰਦਾਨਾ ਬਾਬੇ ਨਾਨਕ ਦੇ ਬਚਪਨ ਦਾ ਬੇਲੀ ਸੀ ਪਰ ਅਸਲੀ ਮੇਲ ਉਦੋਂ ਹੋਇਆ, ਜਦੋਂ ਭੈਣ ਨਾਨਕੀ ਦੇ ਸੱਦੇ 'ਤੇ ਗੁਰੂ ਪਾਤਸ਼ਾਹ ਨਵਾਬ ਦੌਲਤ ਖਾਨ ਲੋਧੀ ਦੇ ਮੋਦੀਖਾਨੇ ਦੇ ਮੋਦੀ ਬਣ ਗਏ। ਮਹਿਤਾ ਕਾਲੂ ਜੀ ਨੇ ਭਾਈ ਮਰਦਾਨੇ ਨੂੰ ਤਲਵੰਡੀਓਂ ਸੁਲਤਾਨਪੁਰ ਵਿਖੇ ਗੁਰੂ ਸਾਹਿਬ ਦੀ ਖ਼ਬਰ-ਸਾਰ ਲੈਣ ਲਈ ਭੇਜਿਆ ਪਰ ਗੁਰੂ ਸਾਹਿਬ ਦਾ ਨਿੱਘਾ ਵਰਤਾਉ, ਪਿਆਰ, ਸਤਿਸੰਗ ਆਦਿ ਵੇਖ ਕੇ ਉਹ ਸਭ ਕੁਝ ਭੁੱਲ ਗਿਆ ਤੇ ਉਹ ਸਿਦਕੀ ਜੀਉੜਾ ਬਾਬੇ ਨਾਨਕ ਦਾ ਹੋ ਕੇ ਹੀ ਰਹਿ ਗਿਆ। ਬੱਸ ਫੇਰ ਸਾਜ਼ ਅਤੇ ਆਵਾਜ਼ ਦੀਆਂ ਸੁਰਾਂ ਅਸਮਾਨੀ ਗੂੰਜਣ ਲੱਗੀਆਂ। ਇਸ ਵੇਲੇ ਮਰਦਾਨਾ ਜੀ ਦੀ ਉਮਰ ਲਗਭਗ 30 ਵਰ੍ਹਿਆਂ ਦੀ ਸੀ ਤੇ ਬਾਬਾ ਨਾਨਕ ਜੀ ਦੀ 20 ਵਰ੍ਹਿਆਂ ਦੀ। ਦੋਵੇਂ ਮਿੱਤਰ ਬਗਲਗੀਰ ਹੋਏ। ਦੋਹਾਂ ਇਕ ਦੂਜੇ ਦੀਆਂ ਸੁਣੀਆਂ। ਇਥੇ ਹੀ ਗੁਰੂ ਜੀ ਨੇ ਮਰਦਾਨੇ ਨੂੰ 'ਭਾਈ' ਦੀ ਉਪਾਧੀ ਨਾਲ ਨਿਵਾਜਿਆ। ਰਬਾਬੀ ਮਰਦਾਨਾ ਹੁਣ 'ਭਾਈ' ਬਣ ਗਿਆ। ਬਾਬਾ ਜੀ ਨੇ ਉਸਨੂੰ ਭਾਈ ਦੀ ਪਦਵੀ ਦੇ ਕੇ ਉਸਨੂੰ ਬਰਾਬਰੀ ਦਾ ਦਰਜਾ ਦੇ ਦਿੱਤਾ। ਗੁਰੂ ਨਾਨਕ ਨਾਮ-ਬਾਣੀ ਦੇ ਸਿਰਜਕ ਹੋਣ ਕਰਕੇ ਸੰਗੀਤ-ਕਲਾ ਨਾਲ ਦਿਲੀ ਲਗਾਉ ਰੱਖਦੇ ਸਨ। ਭਾਈ ਮਰਦਾਨਾ ਪਹਿਲਾਂ ਹੀ ਇਸ ਕੰਮ ਵਿਚ ਨਿਪੁੰਨ ਸੀ। ਦੋਵੇਂ ਸਾਥੀ ਇਕ ਸਿਰਜਕ ਦੂਜਾ ਵਾਦਕ।

> ਮਰਦਾਨਾ ਜੀ ਦੀ ਉਮਰ ਲਗਭਗ 30 ਵਰ੍ਹਿਆਂ ਦੀ ਸੀ ਤੇ ਬਾਬਾ ਨਾਨਕ ਜੀ ਦੀ 20 ਵਰ੍ਹਿਆਂ ਦੀ। ਦੋਵੇਂ ਮਿੱਤਰ ਬਗਲਗੀਰ ਹੋਏ। ਦੋਹਾਂ ਇਕ ਦੂਜੇ ਦੀਆਂ ਸੁਣੀਆਂ। ਇਥੇ ਹੀ ਗੁਰੂ ਜੀ ਨੇ ਮਰਦਾਨੇ ਨੂੰ 'ਭਾਈ' ਦੀ ਉਪਾਧੀ ਨਾਲ ਨਿਵਾਜਿਆ। ਰਬਾਬੀ ਮਰਦਾਨਾ ਹੁਣ 'ਭਾਈ' ਬਣ ਗਿਆ।

ਸੰਨ 1487 ਈ. ਵਿਚ ਗੁਰੂ ਨਾਨਕ ਜੀ ਦੀ ਸ਼ਾਦੀ ਮਾਤਾ ਸੁਲੱਖਣੀ ਜੀ ਨਾਲ ਬਟਾਲਾ ਵਿਖੇ ਹੋਈ। ਸ਼ਾਦੀ ਤੋਂ ਬਾਅਦ ਗੁਰੂ ਸਾਹਿਬ ਤਲਵੰਡੀ ਆ ਗਏ। 1487 ਤੋਂ 1491 ਤੱਕ ਉਹ ਤਲਵੰਡੀ ਹੀ ਰਹੇ। ਸਮਾਂ ਪਾ ਕੇ ਗੁਰੂ ਪਾਤਸ਼ਾਹ ਨੇ ਸੁਲਤਾਨਪੁਰ ਜਾਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਭਾਈ ਮਰਦਾਨਾ ਗੁਰੂ ਜੀ ਦੇ ਨਾਲ ਨਹੀਂ ਗਏ। ਭਾਈ ਮਰਦਾਨੇ ਨੂੰ ਗੁਰੂ ਨਾਨਕ ਜੀ ਨੇ ਆਖਿਆ, ਮਰਦਾਨਿਆ, ਮੈਂ ਛੇਤੀ ਤੈਨੂੰ ਸੁਲਤਾਨਪੁਰ ਬੁਲਾ ਲਵਾਂਗਾ।

ਅਨੁਮਾਨ ਹੈ, ਭਾਈ ਮਰਦਾਨਾ 1492-1493 ਇਹਨਾਂ ਦੋ ਸਾਲਾਂ ਦੇ ਵਿਚ ਹੀ ਤਲਵੰਡੀ ਤੋਂ ਸੁਲਤਾਨਪੁਰ ਆਏ। (ਡਾ. ਮਹਿੰਦਰ ਕੌਰ ਗਿੱਲ, ਭਾਈ ਮਰਦਾਨਾ)

ਗੁਰੂ ਨਾਨਕ ਜੀ ਸੰਸਾਰਕ ਵਿਹਾਰਾਂ ਤੋਂ ਮੁਕਤ ਹੋ ਕੇ ਦੁਨੀਆਂ ਦੇ ਉਧਾਰ ਲਈ ਗੁਰੂ ਘਰ ਦੇ ਪ੍ਰਚਾਰ ਲਈ ਯਾਤਰਾ 'ਤੇ ਨਿਕਲ ਤੁਰੇ। ਉਹਨਾਂ ਦਾ ਸਾਥ ਭਾਈ ਮਰਦਾਨੇ ਨੇ ਦਿੱਤਾ। ਗੁਰੂ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ, ਜਿਨ੍ਹਾਂ ਦਾ ਉਦੇਸ਼ ਮਾਨਵਤਾ ਦਾ ਕਲਿਆਣ ਸੀ। ਭਾਈ ਗੁਰਦਾਸ ਦੇ ਸ਼ਬਦਾਂ ਵਿਚ 'ਚੜ੍ਹਿਆ ਸੋਧਣ ਧਰਤ ਲੋਕਾਈ'।

ਇਨ੍ਹਾਂ ਚਾਰਾਂ ਉਦਾਸੀਆਂ ਸਮੇਂ ਗੁਰੂ ਜੀ ਦੇ ਔਖੇ ਸੌਖੇ ਰਾਹਾਂ ਦਾ ਸਾਥੀ ਭਾਈ ਮਰਦਾਨਾ ਗੁਰੂ ਜੀ ਦੇ ਨਾਲ ਰਿਹਾ। ਭਾਵੇਂ ਉਨ੍ਹਾਂ ਨੂੰ ਰੋੜਿਆਂ 'ਤੇ ਸੌਣਾ ਪਿਆ, ਅੱਕ ਚੱਬਣੇ ਪਏ ਜਾਂ ਅਸਾਮ ਦੀਆਂ ਜਾਦੂਗਰਨੀਆਂ ਦੇ ਜਾਦੂ ਦਾ ਸ਼ਿਕਾਰ ਹੋਣਾ ਪਿਆ ਪਰ ਸਿਦਕ ਦਾ ਪੱਕਾ, ਆਗਿਆਕਾਰੀ, ਸਿਰੜੀ ਮਰਦਾਨਾ ਆਪਣੇ ਮੁਰਸ਼ਦ ਦੇ ਆਖੇ ਤੋਂ ਕਦੇ ਨਾ ਅੱਕਿਆ ਨਾ ਥੱਕਿਆ, ਸਗੋਂ ਸਭ ਕੁੱਝ 'ਸਤ' ਕਰਕੇ ਮੰਨਿਆ। ਤਦੇ ਤਾਂ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ:

'ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।'

ਜਦੋਂ ਭਾਈ ਮਰਦਾਨਾ ਜੀ ਘਰ-ਬਾਰ ਤਿਆਗ, ਗੁਰੂ ਨਾਨਕ ਜੀ ਨਾਲ ਉਦਾਸੀਆਂ 'ਤੇ ਨਿਕਲ ਜਾਂਦੇ ਹਨ ਤਾਂ ਉਨ੍ਹਾਂ ਦੀ ਪਤਨੀ ਵੈਰਾਗ ਵਿਚ ਆ ਕੇ ਕੁੱਝ ਗਿਲੇ-ਸ਼ਿਕਵੇ ਜ਼ਾਹਿਰ ਕਰਦੀ ਹੈ, ਜਿਸਨੂੰ ਪੰਜਾਬੀ ਕਵੀ ਸੰਤ ਰਾਮ ਉਦਾਸੀ ਨੇ ਆਪਣੇ ਇਕ ਗੀਤ 'ਮਰਦਾਨੇ ਨੂੰ ਮਰਦਾਨਣ ਦਾ ਖ਼ਤ' ਵਿਚ ਇਉਂ ਅੰਕਿਤ ਕੀਤਾ ਹੈ:

ਅਜੇ ਹੋਇਆ ਨਾ ਨਜ਼ਾਰਾ ਤੇਰੀ ਦੀਦ ਦਾ
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ
ਡਿੱਗੇ ਬਾਪ ਹੱਥੋਂ ਸੋਟੀ, ਮੂੰਹ 'ਚ ਫੁੱਲ ਜਾਵੇ ਰੋਟੀ
ਜਦੋਂ ਸੁਣੀਂਦਾ ਤੂੰ ਭੁੱਖਾ ਤੇ ਤਿਹਾਇਆ ਵੇ
ਮੇਰੇ ਖੁੱਲ੍ਹ ਗਏ ਵਾਲ, ਜਾਣੀਂ ਆ ਗਿਆ ਭੁਚਾਲ
ਜਦੋਂ ਸੁਣਿਆ ਤੂੰ ਕੌਡੇ ਹੱਥ ਆਇਆ ਵੇ
ਟੁੱਟ ਜਾਣਾ ਸੀ ਪਿਆਲਾ ਵੇ ਉਮੀਦ ਦਾ
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ
ਵੇਖ ਮੇਰੀ ਕੁਰਬਾਨੀ, ਭਾਵੇਂ ਕਿੰਨੀ ਭੁੱਖੀ-ਭਾਣੀ
ਪਰ ਵੱਧ ਹੈ ਸੁਲੱਖਣੀ ਤੋਂ ਜੇਰਾ ਵੇ
ਇਹ ਹੈ ਵੱਡਿਆਂ ਦਾ ਯੁੱਗ, ਤੇਰੀ ਸਕਣੀ ਨਾ ਪੁੱਗ
ਨਾਉਂ ਲੈਣਾ ਨਹੀਂ ਸ਼ਤਾਬਦੀ 'ਚ ਤੇਰਾ ਵੇ
ਵੇ, ਤੂੰ ਰਹੇਂਗਾ ਮੁਥਾਜ ਹਰ ਚੀਜ਼ ਦਾ
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ

ਪਰ ਪਰਿਵਾਰ ਦੇ ਗਿਲੇ-ਸ਼ਿਕਵਿਆਂ ਅਤੇ ਪ੍ਰਭਾਵਿਤ ਹੋਏ ਆਰਥਿਕ ਹਾਲਾਤਾਂ ਦੇ ਬਾਵਜੂਦ ਵੀ ਭਾਈ ਮਰਦਾਨਾ ਜੀ ਗੁਰੂ ਸਾਹਿਬ ਦਾ ਸਾਥ ਛੱਡਣ ਲਈ ਰਾਜ਼ੀ ਨਾ ਹੋਏ।

ਸਾਖੀਆਂ ਵਿਚ ਭਾਈ ਮਰਦਾਨੇ ਨੂੰ ਨਿਮਾਣਾ, ਨਿਤਾਣਾ, ਭੁੱਖਾ, ਪਿਆਸਾ, ਮੰਗ ਖਾਣੀ ਜਾਤ, ਲਾਲਚੀ, ਡਰਪੋਕ, ਮੰਗਤਾ ਅਤੇ ਨੀਚ ਜਾਤ ਦਾ ਮਰਾਸੀ ਦੇ ਤੌਰ 'ਤੇ ਹੀ ਪੇਸ਼ ਕੀਤਾ ਗਿਆ ਹੈ। ਕਦੇ ਉਹ ਕੌਡੇ ਰਾਖਸ਼ ਦੇ ਮੂੰਹ ਵਿਚ ਪੈ ਜਾਂਦਾ ਹੈ, ਕਦੇ ਮੇਂਢਕਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਕਦੇ ਉਸ ਉੱਪਰ ਜਾਦੂਗਰਨੀਆਂ ਦਾ ਜਾਦੂ ਚਲਾਇਆ ਜਾਂਦਾ ਹੈ। ਸ਼ਾਇਦ ਸਾਖੀਕਾਰ ਇਸ ਤਰ੍ਹਾਂ ਕਰਕੇ ਗੁਰੂ ਨਾਨਕ ਨੂੰ ਕਰਾਮਾਤੀ ਪੁਰਸ਼ ਸਿੱਧ ਕਰਨਾ ਚਾਹੁੰਦੇ ਸਨ ਪਰ ਗੁਰੂ ਨਾਨਕ ਤਾਂ ਕਰਾਮਾਤਾਂ ਦੇ ਵਿਰੁੱਧ ਸਨ। ਨਾਲੇ ਉਨ੍ਹਾਂ ਕਦੇ ਵੀ ਮਰਦਾਨੇ ਨੂੰ ਭਾਈ ਮਰਦਾਨੇ ਤੋਂ ਬਿਨਾਂ ਸੰਬੋਧਿਤ ਨਹੀਂ ਕੀਤਾ। ਉਹ ਤਾਂ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕੀਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਸਾਲ ਦੇ ਅੰਤ 'ਚ ਅਕਤੂਬਰ-ਨਵੰਬਰ ਮਹੀਨੇ 'ਚ ਮਨਾਇਆ ਜਾਣ ਵਾਲਾ ਦੀਵਾਲੀ ਦਾ ਤਿਉਹਾਰ ਹਿੰਦੂ ਧਰਮ 'ਚ ਭਗਵਾਨ ਸ੍ਰੀ ਰਾਮ ਦੇ 14 ਸਾਲਾਂ ਦਾ ਬਨਵਾਸ ਕੱਟ ਕੇ ਪਤਨੀ ਸੀਤਾ ਅਤੇ ਭਰਾ ਲਕਸ਼ਮਣ ਨਾਲ ਆਯੋਧਿਆ ਵਾਪਿਸ ਪਰਤਨ ਦੀ ਖੁਸ਼ੀ 'ਚ ਮਨਾਇਆ ਜਾਂਦਾ ਹੈ। ਉਨਾਂ ਦੇ ਘਰ ਵਾਪਸੀ ਅਤੇ ਰਾਵਣ 'ਤੇ ਜਿੱਤ ਦੀ ਖੁਸ਼ੀ 'ਚ ਆਯੋਧਿਆ ਵਾਸੀਆਂ ਨੇ ਘਿਓ ਦੇ ਦੀਵੇ ਬਾਲ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਸੀ।



# ਦੀਵਾਲੀ: ਆਪਸੀ ਸਾਂਝ ਅਤੇ ਪਿਆਰ ਦਾ ਤਿਉਹਾਰ

ਹਿੰਦੂ ਧਰਮ 'ਚ ਦੀਵਾਲੀ ਦਾ ਤਿਉਹਾਰ ਬਹੁਤ ਹੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਸ਼ਾਮ ਨੂੰ ਲਕਸ਼ਮੀ ਮਾਤਾ ਦੀ ਪੂਜਾ ਕਰਨ ਤੋਂ ਬਾਅਦ ਆਤਿਸ਼ਬਾਜ਼ੀ ਦਾ ਨਜ਼ਾਰਾ ਵੇਖਣ ਹੀ ਵਾਲਾ ਹੁੰਦਾ ਹੈ।









ਭਾਰਤ ਵੱਖ-ਵੱਖ ਜਾਤਾਂ ਅਤੇ ਧਰਮਾਂ ਦਾ ਦੇਸ਼ ਹੈ ਅਤੇ ਹਰ ਧਰਮ ਦੇ ਆਪੋ ਆਪਣੇ ਰੀਤੀ ਰਿਵਾਜ਼ ਅਤੇ ਤਿਉਹਾਰ ਹਨ। ਇਸੇ ਲਈ ਭਾਰਤ ਨੂੰ ਤਿਉਹਾਰਾਂ ਦਾ ਦੇਸ਼ ਵੀ ਕਿਹਾ ਜਾਂਦਾ ਹੈ।

ਅੱਜ ਜਿਸ ਤਿਉਹਾਰ ਦੀ ਅਸੀਂ ਗੱਲ ਕਰ ਰਹੇ ਹਾਂ ਉਹ ਹੈ ਰੌਸ਼ਨੀਆਂ ਦਾ ਤਿਉਹਾਰ, ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ, ਹਨੇਰੇ 'ਚ ਰੋਸ਼ਨੀ ਦਾ ਅਤੇ ਗਿਆਨ ਦਾ ਪ੍ਰਤੀਕ, ਆਪਣੇ ਚੌਗਿਰਦੇ ਨੂੰ ਸਾਫ ਸੁਥਰਾ ਰੱਖਣ ਦਾ ਪ੍ਰਤੀਕ।

ਜੀ ਹਾਂ ਅਸੀਂ ਗੱਲ ਕਰ ਰਹੇ ਹਾਂ ਦੀਵਾਲੀ ਦੇ ਪਵਿੱਤਰ ਤਿਉਹਾਰ ਦੀ ਜਿਸ ਦੀ ਧਾਰਮਿਕ ਪੱਖ ਤੋਂ ਮਹੱਤਤਾ ਤਾਂ ਹੈ ਹੀ ਨਾਲ ਹੀ ਇਹ ਸਮਾਜਿਕ ਪੱਖ ਤੋਂ ਵੀ ਬਹੁਤ ਮਹੱਤਵਪੂਰਨ ਤਿਉਹਾਰ ਹੈ। ਆਪਸੀ ਸਾਂਝ ਆਪ ਮੋਹਾਰੇ ਇਸ ਤਿਉਹਾਰ 'ਚੋਂ ਝਲਕਦੀ ਹੈ।

ਧਾਰਮਿਕ ਪੱਖ ਵੱਲ ਝਾਤ ਮਾਰੀਏ ਤਾਂ ਦੇਸ਼ ਭਰ 'ਚ ਇਸ ਤਿਉਹਾਰ ਨਾਲ ਵੱਖ ਵੱਖ ਕਥਾਵਾਂ ਜੁੜੀਆਂ ਹੋਈਆ ਹਨ। ਹਿੰਦੂ, ਸਿੱਖ ਅਤੇ ਜੈਨ ਧਰਮ 'ਚ ਇਸ ਦਿਨ ਦਾ ਵਿਸ਼ੇਸ਼ ਮਹੱਤਵ ਹੈ।ਸਾਲ ਦੇ ਅੰਤ 'ਚ ਅਕਤੂਬਰ-ਨਵੰਬਰ ਮਹੀਨੇ 'ਚ ਮਨਾਇਆ ਜਾਣ ਵਾਲਾ ਦੀਵਾਲੀ ਦਾ ਤਿਉਹਾਰ ਹਿੰਦੂ ਧਰਮ 'ਚ ਭਗਵਾਨ ਸ੍ਰੀ ਰਾਮ ਦੇ 14 ਸਾਲਾਂ ਦਾ ਬਨਵਾਸ ਕੱਟ ਕੇ ਪਤਨੀ ਸੀਤਾ ਅਤੇ ਭਰਾ ਲਕਸ਼ਮਣ ਨਾਲ ਆਯੋਧਿਆ ਵਾਪਿਸ ਪਰਤਨ ਦੀ ਖੁਸ਼ੀ 'ਚ ਮਨਾਇਆ ਜਾਂਦਾ ਹੈ। ਉਨਾਂ ਦੇ ਘਰ ਵਾਪਸੀ ਅਤੇ ਰਾਵਣ 'ਤੇ ਜਿੱਤ ਦੀ ਖੁਸ਼ੀ 'ਚ ਆਯੋਧਿਆ ਵਾਸੀਆਂ ਨੇ ਘਿਓ ਦੇ ਦੀਵੇ ਬਾਲ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਸੀ।

ਪੂਰਬੀ ਭਾਰਤ 'ਚ ਹਿੰਦੂ ਧਰਮ ਦੇ ਲੋਕ ਇਸ ਦਿਨ ਕਾਲੀ ਮਾਤਾ ਦੀ ਪੂਜਾ ਕਰਦੇ ਹਨ ਅਤੇ ਬਕਾਸੁਰ ਦੇ ਵਿਨਾਸ਼ ਦਾ ਜਸ਼ਨ ਮਨਾਉਂਦੇ ਹਨ। ਦੱਖਣੀ ਭਾਰਤ 'ਚ ਇਸ ਦਿਨ ਨਾਲ ਇਕ ਹੋਰ ਕਥਾ ਜੁੜੀ ਹੋਈ ਹੈ, ਕਿਹਾ ਜਾਂਦਾ ਹੈ ਕਿ ਭਗਵਾਨ ਸ੍ਰੀ ਕ੍ਰਿਸ਼ਨ ਨੇ ਅੱਜ ਦੇ ਹੀ ਦਿਨ ਨਰਕਾਸੁਰ ਦਾ ਕਤਲ ਕੀਤਾ ਸੀ।

ਹਿੰਦੂ ਧਰਮ 'ਚ ਦੀਵਾਲੀ ਦਾ ਤਿਉਹਾਰ ਬਹੁਤ ਹੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਸ਼ਾਮ ਨੂੰ ਲਕਸ਼ਮੀ ਮਾਤਾ ਦੀ ਪੂਜਾ ਕਰਨ ਤੋਂ ਬਾਅਦ ਆਤਿਸ਼ਬਾਜ਼ੀ ਦਾ ਨਜ਼ਾਰਾ ਵੇਖਣ ਹੀ ਵਾਲਾ ਹੁੰਦਾ ਹੈ।

ਇਸੇ ਤਰਾਂ ਹੀ ਸਿੱਖ ਧਰਮ 'ਚ ਵੀ ਦਿਵਾਲੀ ਦਾ ਵਿਸ਼ੇਸ਼ ਮਹੱਤਵ ਹੈ। ਇਸ ਦਿਨ ਸਿੱਖਾਂ ਦੇ ਛੇਵੇਂ ਗੁਰੁ ਹਰਗੋਬਿੰਦ ਸਾਹਿਬ ਜੀ ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਕੈਦ 'ਚੋਂ ਗਵਾਲੀਅਰ ਦੇ ਕਿਲੇ 'ਚੋਂ 52 ਰਾਜਿਆਂ ਨਾਲ ਰਿਹਾਅ ਹੋ ਕੇ ਅੰਮ੍ਰਿਤਸਰ ਪਹੁੰਚੇ ਸੀ।ਉਨਾਂ ਦੇ ਘਰ ਆਉਣ ਦੀ ਖੁਸ਼ੀ 'ਚ ਹਰ ਪਾਸੇ ਦੀਵੇ ਬਾਲ ਕੇ ਰੌਸ਼ਨੀ ਕੀਤੀ ਗਈ ਸੀ ਅਤੇ ਨਿਆਂ ਦੀ ਜਿੱਤ ਦਾ ਜਸ਼ਨ ਮਨਾਇਆ ਗਿਆ ਸੀ। 20ਵੀਂ ਸਦੀ ਦੇ ਅੰਤ 'ਚ ਕੁੱਝ ਸਿੱਖ ਵਿਦਵਾਨਾਂ ਦੇ ਜ਼ੋਰ ਪਾਉਣ ਤੋਂ ਬਾਅਦ ਸਾਲ 2003 'ਚ ਇਸ ਦਿਨ ਨੂੰ 'ਬੰਦੀ ਛੋੜ ਦਿਵਸ' ਦੇ ਨਾਮ ਵੱਜੋਂ ਮਾਨਤਾ ਦਿੱਤੀ ਗਈ।

ਕਿਹਾ ਜਾਂਦਾ ਹੈ ਕਿ ਪੰਚਮ ਪਿਤਾ ਸ੍ਰੀ ਗੁਰੁ ਅਰਜਨ ਦੇਵ ਜੀ ਨੇ ਜਦੋਂ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਉਨਾਂ ਨੂੰ ਸ਼ਹੀਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਸੀ। 1606 ਈ. 'ਚ ਛੇਵੀਂ ਪਾਤਸ਼ਾਹੀ ਗੁਰੁ ਹਰਗੋਬਿੰਦ ਸਾਹਿਬ ਜੀ ਨੇ 11 ਸਾਲ ਦੀ ਛੋਟੀ ਉਮਰ 'ਚ ਗੁਰਗੱਦੀ ਸੰਭਾਲੀ ਅਤੇ ਨਾਲ ਹੀ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਵੀ ਧਾਰਨ ਕੀਤੀਆਂ ਜੋ ਕਿ ਧਰਮ ਅਤੇ ਨਿਆਂ ਦੀਆਂ ਪ੍ਰਤੀਕ ਹਨ। 1609 ਈ. 'ਚ ਜਹਾਂਗੀਰ ਨੇ ਹੁਕਮ ਜਾਰੀ ਕੀਤਾ ਕਿ ਪੰਚਮ ਪਿਤਾ 'ਤੇ ਜੋ ਜ਼ੁਰਮਾਨਾ ਲਗਾਇਆ ਗਿਆ ਸੀ ਉਸ ਦਾ ਭੁਗਤਾਨ ਉਨਾਂ ਦੇ ਪਰਿਵਾਰ ਜਾਂ ਫਿਰ ਉਨਾਂ ਦੇ ਸਰਧਾਲੂਆਂ ਵੱਲੋਂ ਨਹੀਂ ਕੀਤਾ ਗਿਆ ਹੈ। ਇਸ ਲਈ ਉਨਾਂ ਦੇ ਉਤਰਾਅਧਿਕਾਰੀ ਨੂੰ ਕੈਦ ਕੀਤਾ ਜਾਵੇ।

ਇਕ ਫਾਰਸੀ ਪੁਸਤਕ 'ਦਬੀਸਤਾਨ-ਏ-ਮਜ਼ਾਹਿਬ' ਅਨੁਸਾਰ ਗੁਰੁ ਜੀ ਨੂੰ 1619 ਈ. ਨੂੰ ਰਿਹਾਅ ਕੀਤਾ ਗਿਆ ਸੀ।

ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ 'ਚ ਸ੍ਰੀ ਹਰਮੰਦਿਰ ਸਾਹਿਬ ਦਾ ਮਨਮੋਹਕ ਦ੍ਰਿਸ਼ ਵੇਖਣ ਹੀ ਵਾਲਾ ਹੁੰਦਾ ਹੈ। ਇਸ ਦਿਨ ਸ੍ਰੀ ਦਰਬਾਰ ਸਾਹਿਬ ਨੂੰ ਬਹੁਤ ਹੀ ਸ਼ਾਨਦਾਰ ਢੰਗ ਨਾਲ ਰੰਗ-ਬਰੰਗੀਆਂ ਲਾਈਟਾਂ, ਭਾਂਤ-ਭਾਂਤ ਦੇ ਫੁੱਲਾਂ ਨਾਲ ਸਜਾਇਆ ਜਾਂਦਾ ਹੈ। ਰਾਤ ਦੇ ਸਮੇਂ ਆਤਿਸ਼ਬਾਜੀ ਦਾ ਨਜ਼ਾਰਾ ਤਾਂ ਅੱਖਾਂ ਨੂੰ ਦੰਗ ਹੀ ਕਰ ਦਿੰਦਾ ਹੈ।

ਸਿੱਖ ਧਰਮ 'ਚ ਬੰਦੀ ਛੋੜ ਦਿਵਸ ਦੇ ਮੱਦੇਨਜ਼ਰ ਨਗਰ ਕੀਰਤਨ ਕੱਢੇ ਜਾਂਦੇ ਹਨ, ਅਖੰਡ ਪਾਠਾਂ ਦੇ ਭੋਗ ਪਾਏ ਜਾਂਦੇ ਹਨ ਅਤੇ ਅਲਾਹੀ ਬਾਣੀ ਦਾ ਗਾਇਨ ਕੀਤਾ ਜਾਂਦਾ ਹੈ। ਸ੍ਰੀ ਅੰਮ੍ਰਿਤਸਰ ਦੀ ਦੀਵਾਲੀ ਲਈ ਤਾਂ ਇਕ ਕਹਾਵਤ ਵੀ ਮਸ਼ਹੂਰ ਹੈ ਕਿ-

' ਦਾਲ ਰੋਟੀ ਘਰ ਦੀ ਦੀਵਾਲੀ ਅੰਮ੍ਰਿਤਸਰ ਦੀ'

ਭਾਈ ਵੀਰ ਸਿੰਘ ਜੀ ਨੇ ਵੀ ਇਸ ਦਿਨ ਦਾ ਪੂਰਾ ਵਰਣਨ ਆਪਣੀ ਵਾਰ 'ਚ ਕੀਤਾ ਹੈ।

ਜੈਨ ਧਰਮ 'ਚ ਇਸ ਦਿਨ ਦਾ ਸਬੰਧ ਭਗਵਾਨ ਮਹਾਵੀਰ ਨਾਲ ਮੰਨਿਆ ਜਾਂਦਾ ਹੈ।ਇਸ ਦਿਨ ਹੀ ਭਗਵਾਨ ਮਹਾਵੀਰ ਨੇ ਮੋਕਸ਼ ਦੀ ਪ੍ਰਾਪਤੀ ਕੀਤੀ ਸੀ।ਭਗਵਾਨ ਮਹਾਵੀਰ ਦੀਆਂ ਸਿੱਖਿਆਵਾਂ 'ਚ ਮੋਕਸ਼ ਅਤੇ ਨਿਰਵਾਣ ਦੀ ਪ੍ਰਾਪਤੀ ਦੇ ਰਾਹ ਬਾਰੇ ਚਰਚਾ ਕੀਤੀ ਗਈ ਹੈ ਅਤੇ ਇਹ ਰਾਹ ਗਿਆਨ ਦਾ ਹੈ। ਇਸ ਦਿਨ ਰੌਸ਼ਨੀ ਨੂੰ ਗਿਆਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਜੈਨ ਧਰਮ ਦੇ ਲੋਕ ਆਪਣੇ ਚਾਰ ਚੁਫੇਰੇ ਨੂੰ ਜਗ-ਮਗਾਉਂਦੀਆਂ ਰੌਸ਼ਨੀਆਂ ਨਾਲ ਸਜਾਉਂਦੇ ਹਨ। ਜੈਨ ਧਰਮ 'ਚ ਅਹਿੰਸਾ ਮੁਖ ਸਿਧਾਂਤ ਹੈ ਇਸ ਲਈ ਜੈਨੀ ਲੋਕ ਆਤਿਸਬਾਜ਼ੀ ਨਹੀਂ ਚਲਾਉਂਦੇ ਹਨ ਕਿਉਂਕਿ ਉਨਾਂ ਦਾ ਮੰਨਣਾ ਹੈ ਕਿ ਇਸ ਨਾਲ ਸਰੀਰਕ ਅਤੇ ਵਾਤਾਵਰਨ 'ਚ ਵਿਚਰ ਰਹੇ ਪ੍ਰਾਣੀਆਂ ਨੂੰ ਨੁਕਸਾਨ ਪਹੁੰਚਦਾ ਹੈ।

ਦੀਵਾਲੀ ਵਾਲੇ ਦਿਨ ਭਾਰਤ, ਨੇਪਾਲ, ਸ੍ਰੀਲੰਕਾ, ਮਿਆਂਮਾਰ, ਮੌਰੀਸ਼ੀਅਸ, ਗੁਆਨਾ, ਮਲੇਸ਼ੀਆ, ਸਿੰਗਾਪੁਰ ਅਤੇ ਫੀਜ਼ੀ 'ਚ ਸਰਕਾਰੀ ਛੁੱਟੀ ਹੁੰਦੀ ਹੈ। ਧਰਮ ਭਾਵੇਂ ਕੋਈ ਵੀ ਹੋਵੇ ਹਰ ਧਰਮ 'ਚ ਦੀਵਾਲੀ ਨੂੰ ਬਦੀ 'ਤੇ ਨੇਕੀ ਦੀ ਜਿੱਤ, ਗਿਆਨ ਦੇ ਪ੍ਰਕਾਸ਼ ਵੱਜੋਂ ਵੀ ਵੇਖਿਆ ਜਾਂਦਾ ਹੈ।

ਦੀਵਾਲੀ ਹੁਣ ਸਿਰਫ ਕਿਸੇ ਇਕ ਧਰਮ ਦਾ ਤਿਉਹਾਰ ਨਹੀਂ ਬਲਕਿ ਦੇਸ਼ ਭਰ 'ਚ ਹਰ ਜਾਤੀ ਅਤੇ ਧਰਮ ਦੇ ਲੋਕ ਆਪਸੀ ਸ਼ਾਂਝ ਨਾਲ ਇਸ ਤਿਉਹਾਰ ਨੂੰ ਮਨਾਉਂਦੇ ਹਨ।ਤਿਉਹਾਰਾਂ ਦਾ ਮੁੱਖ ਉਦੇਸ਼ ਹੀ ਆਪਸੀ ਮਨ ਮੁਟਾਵ ਨੂੰ ਦੂਰ ਕਰ ਮਿਲਜੁੱਲ ਕੇ ਖੁਸ਼ੀਆਂ ਸਾਂਝੀਆਂ ਕਰਨਾ ਹੁੰਦਾ ਹੈ।

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਦੀਵਾਲੀ ਦਾ ਤਿਉਹਾਰ ਆਪਸੀ ਪਿਆਰ, ਸਾਂਝ ਅਤੇ ਇਤਫ਼ਾਕ ਦਾ ਪ੍ਰਤੀਕ ਹੈ।

# ਖਾਜ, ਖੁਸ਼ਕੀ ਤੇ ਸਿੱਕਰੀ ਨੂੰ ਠੀਕ ਕਰਦਾ ਗੇਂਦੇ ਦਾ ਫੁੱਲ



ਕਈ ਵਾਰ ਖੁਸ਼ਕੀ, ਸਿੱਕਰੀ ਜਾਂ ਗਲਤ ਸ਼ੈਂਪੂ ਲਗਾਉਣ ਨਾਲ ਸਿਰ 'ਚ ਖਾਜ ਹੋਣ ਲਗ ਜਾਂਦੀ ਹੈ। ਖਾਜ ਸ਼ੁਰੂ ਹੋ ਜਾਣ 'ਤੇ ਸਮਝ ਨਹੀਂ ਆਉਂਦਾ ਕਿ ਕੀ ਕੀਤਾ ਜਾਵੇ? ਜੇਕਰ ਤੁਸੀਂ ਘਰ ਤੋਂ ਬਾਹਰ ਹੋਵੋ ਤਾਂ ਕਿਸੇ ਦੇ ਸਾਹਮਣੇ ਸਿਰ 'ਚ ਖਾਜ ਕਰਨ 'ਚ ਵੀ ਸ਼ਰਮ ਆਉਂਦੀ ਹੈ। ਸਿਰ ਦੀ ਖਾਜ ਤੋਂ ਬਚਣ ਲਈ ਮਹਿੰਗੇ ਉਤਪਾਦਾਂ ਦੀ ਵਰਤੋਂ ਕਰਨ ਨਾਲੋਂ ਚੰਗਾ ਹੈ ਕਿ ਤੁਸੀਂ ਗੇਂਦੇ ਦੇ ਫੁੱਲ ਦੀ ਵਰਤੋਂ ਕਰੋ। ਇਸ 'ਚ ਖਾਜ ਪੈਦਾ ਕਰਨ ਵਾਲੇ ਤੱਤਾਂ ਨੂੰ ਖਤਮ ਕਰਨ ਦਾ ਗੁਣ ਹੁੰਦਾ ਹੈ।

**ਖਾਜ ਅਤੇ ਸਿੱਕਰੀ ਤੋਂ ਛੁਟਕਾਰਾ**;ਗੇਂਦੇ ਦੇ 4 ਫੁੱਲ ਲਓ। 500 ਮਿਲੀ ਲੀਟਰ ਪਾਣੀ 'ਚ ਅੱਧੇ ਨਿੰਬੂ ਦਾ ਰਸ ਪਾ ਕੇ ਉਸ ਨੂੰ ਉਬਾਲ ਲਓ। ਠੰਡਾ ਹੋਣ ਮਗਰੋਂ ਸ਼ੈਂਪੂ ਲਗਾਉਣ ਤੋਂ ਪਹਿਲਾਂ ਸਿਰ 'ਤੇ ਇਸ ਨੂੰ ਚੰਗੀ ਤਰ੍ਹਾਂ ਮਲ ਲਓ। ਇਸ ਤੋਂ ਬਾਅਦ ਸ਼ੈਂਪੂ ਲਗਾ ਕੇ ਸਿਰ ਸਾਫ ਕਰ ਲਓ। ਵਾਲਾਂ ਨੂੰ ਕੁਦਰਤੀ ਰੂਪ 'ਚ ਸੁੱਕਣ ਦਿਓ। ਜੇਕਰ ਤੁਸੀਂ ਡਰਾਇਰ ਨਾਲ ਵਾਲਾਂ ਨੂੰ ਸੁਕਾਓਗੇ ਤਾਂ ਇਸ ਨਾਲ ਫਿਰ ਤੋਂ ਖਾਜ ਹੋ ਸਕਦੀ ਹੈ। ਕੁਝ ਦਿਨ ਇਸੇ ਤਰ੍ਹਾਂ ਸਿਰ ਨਹਾਉਣ ਨਾਲ ਖਾਜ ਅਤੇ ਸਿੱਕਰੀ ਤੋਂ ਛੁਟਕਾਰਾ ਮਿਲੇਗਾ।

**ਕੰਨ ਦਾ ਦਰਦ** ;ਗੇਂਦੇ ਦੇ ਪੱਤਿਆਂ ਦਾ ਰਸ ਕੰਨਾਂ 'ਚ ਪਾਉਣ ਨਾਲ ਕੰਨ ਦਾ ਪੁਰਾਣੇ ਤੋਂ ਪੁਰਾਣਾ ਦਰਦ ਠੀਕ ਹੋ ਜਾਂਦਾ ਹੈ। ਰਸ ਬਣਾਉਣ ਲਈ ਗੇਂਦੇ ਦੇ ਪੱਤੇ ਪਾਣੀ ਵਿੱਚ ਉਬਾਲੋ ਅਤੇ ਦੋ ਤਿੰਨ ਬੂੰਦਾਂ ਇਸਦੀਆਂ ਕੰਨ 'ਚ ਪਾਓ ।

**ਸਰੀਰ ਦਾ ਸਟੈਮਿਨਾ ਵਧਾਏ**;ਇਕ ਚਮਚ ਗੇਂਦੇ ਦੇ ਬੀਜ ਏਨੀ ਹੀ ਮਾਤਰਾ ਮਿਸ਼ਰੀ ਦੀ ਲੈ ਕੇ ਇਕ ਕੱਪ ਦੁੱਧ ਨਾਲ ਰੋਜ਼ਾਨਾ ਸਵੇਰੇ ਸ਼ਾਮ ਪੀਣ ਨਾਲ ਸਟੈਮਿਨਾ ਵੱਧ ਹੈ ਅਤੇ ਸਰੀਰ ਦੀ ਤਾਕਤ ਵੀ ਵਧਦੀ ਹੈ ।

**ਹੱਥ ਪੈਰ ਫਟ ਜਾਣੇ**;ਗੇਂਦੇ ਦੇ ਪੱਤਿਆਂ ਦਾ ਰਸ ਵੈਸਲੀਨ ਵਿੱਚ ਮਿਲਾ ਕੇ ਹੱਥਾਂ ਪੈਰਾਂ ਤੇ ਦਿਨ ਵਿੱਚ 2 ਵਾਰ ਲਗਾਉਣ ਨਾਲ ਹੱਥਾਂ ਪੈਰਾਂ ਦਾ ਫੱਟਣਾ ਠੀਕ ਹੁੰਦਾ ਹੈ ।

**ਬੁਖਾਰ ਲਈ ਫਾਇਦੇਮੰਦ**;ਐਂਟੀ-ਬੈਕਟੀਰੀਅਲ ਅਤੇ ਐਂਟੀ-ਵਾਇਰਲ ਗੁਣਾਂ ਕਾਰਨ ਗੇਂਦੇ ਦਾ ਫੁੱਲ ਬੁਖਾਰ ਲਈ ਬਹੁਤ ਲਾਭਦਾਇਕ ਹੁੰਦਾ ਹੈ। ਕਈ ਵਾਰ ਇਨਸਾਨ ਦਾ ਬੁਖਾਰ ਘੱਟ ਹੋਣ ਦਾ ਨਾਂ ਹੀ ਨਹੀਂ ਲੈਂਦਾ, ਅਜਿਹੇ 'ਚ ਗੇਂਦੇ ਦੇ ਫੁੱਲ ਦੀ ਚਾਹ ਪੀਣ ਨਾਲ ਬੁਖਾਰ ਨੂੰ ਬਹੁਤ ਲਾਭ ਹੁੰਦਾ ਹੈ।

# ਅੱਖਾਂ ਦੇ ਕਾਲੇ ਘੇਰਿਆਂ ਨੂੰ ਦੂਰ ਕਰਦਾ ਹੈ ਸ਼ਹਿਦ, ਕਰੋ ਇੰਝ ਇਸਤੇਮਾਲ



ਜਲੰਧਰ - ਖੂਬਸੂਰਤ ਅੱਖਾਂ ਪਾਉਣ ਦੀ ਇੱਛਾ ਸਭ ਨੂੰ ਹੁੰਦੀ ਹੈ ਪਰ ਅੱਖਾਂ ਦੇ ਹੇਠਾਂ ਪੈਣ ਵਾਲੇ ਕਾਲੇ ਘੇਰੇ ਇਸ ਖੂਬਸੂਰਤੀ ਨੂੰ ਦਾਗ ਲਗਾਉਣ ਦਾ ਕੰਮ ਕਰਦੇ ਹਨ। ਕਾਲੇ ਧੱਬੇ ਹੋਣਾ ਕਿਸੇ ਤਰ੍ਹਾਂ ਦਾ ਬੀਮਾਰੀ ਨਹੀਂ ਹੁੰਦੀ ਸਗੋਂ ਇਹ ਬਹੁਤ ਹੀ ਆਮ ਜਿਹੀ ਸਮੱਸਿਆ ਹੈ, ਜੋ ਬਹੁਤ ਸਾਰਿਆਂ ਔਰਤਾਂ ਨੂੰ ਹੁੰਦੀ ਹੈ। ਸਾਰਾ ਦਿਨ ਕੰਪਿਊਟਰ ਅੱਗੇ ਕੰਮ ਕਰਨ ਨਾਲ ਅੱਖਾਂ ਨੂੰ ਆਰਾਮ ਨਹੀਂ ਮਿਲਦਾ, ਜਿਸ ਕਾਰਨ ਇਹ ਪਰੇਸ਼ਾਨੀ ਆਮ ਸੁਣਨ ਨੂੰ ਮਿਲਦੀ ਹੈ। ਅੱਖਾਂ ਦੇ ਕਾਲੇ ਘੇਰੇ ਦੂਰ ਕਰਨ ਦੇ ਉਂਝ ਤਾਂ ਬਹੁਤ ਸਾਰੇ ਤਰੀਕੇ ਹਨ ਪਰ ਤਸੀਂ ਚਾਹੋ ਤਾਂ ਇਸ ਨੂੰ ਸ਼ਹਿਦ ਦੀ ਮਦਦ ਨਾਲ ਵੀ ਦੂਰ ਕਰ ਸਕਦੇ ਹੋ। ਅੱਖਾਂ ਦੀ ਖੂਬਸੂਰਤੀ ਨੂੰ ਵਾਪਸ ਲਿਆਉਣ 'ਚ ਸ਼ਹਿਦ ਕਾਫੀ ਮਦਦਗਾਰ ਸਿੱਧ ਹੁੰਦਾ ਹੈ।

**1 ਸ਼ਹਿਦ** - ਤੁਸੀਂ ਚਾਹੋ ਤਾਂ ਕਾਲੇ ਘੇਰੇ ਨੂੰ ਦੂਰ ਕਰਨ ਦੇ ਲਈ ਸਿਰਫ ਸ਼ਹਿਦ ਦਾ ਇਸਤੇਮਾਲ ਕਰ ਸਕਦੇ ਹੋ ਸ਼ਹਿਦ 'ਚ ਮੋਇਸਚਾਰਾਈਜ਼ਰ ਦਾ ਗੁਣ ਹੁੰਦਾ ਹੈ, ਜੋ ਸਿਕਨ ਟੋਨਰ ਅਤੇ ਕੰਲੀਜ਼ਰ ਦੀ ਤਰ੍ਹਾਂ ਕੰਮ ਕਰਦਾ ਹੈ। ਕਰ ਇਸ ਨੂੰ ਕਾਲੇ ਘੇਰਿਆਂ 'ਤੇ ਲਗਾਇਆ ਜਾਵੇ ਤਾਂ ਕਾਫੀ ਲਾਭ ਮਿਲਦਾ ਹੈ। ਇਸ ਨੂੰ ਅੱਧੇ ਘੰਟੇ ਲਈ ਅੱਖਾਂ ਦੇ ਹੇਠਾਂ ਲਗਾਓ ਅਤੇ ਫਿਰ ਚਿਹਰਾ ਧੋ ਲਓ।

**2. ਸ਼ਹਿਦ ਅਤੇ ਖੀਰੇ ਦਾ ਰਸ** - ਖੀਰੇ ਦੇ ਜੂਸ ਅਤੇ ਸ਼ਹਿਦ ਨੂੰ ਇੱਕਠੇ ਮਿਲਾਕੇ ਲਗਾਉਣ ਨਾਲ ਕਾਫੀ ਫਾਇਦਾ ਹੁੰਦਾ ਹੈ। ਇਸ ਮਿਸ਼ਰਨ ਨੂੰ ਅੱਖਾਂ ਦੇ ਥੱਲੇ ਲਗਾਓ ਅਤੇ ਕੁਝ ਦੇਰ ਇੰਝ ਹੀ ਰਹਿਣ ਦਿਓ ਜਦੋਂ ਇਹ ਸੁੱਕ ਜਾਵੇ ਤਾਂ ਸਾਦੇ ਪਾਣੀ ਨਾਲ ਚਿਹਰਾ ਧੋ ਲਓ। ਇਹ ਪ੍ਰਕਿਰਿਆ ਹਫਤੇ 'ਚ ਤਿੰਨ ਵਾਰ ਕਰਨ ਨਾਲ ਕਾਫੀ ਫਾਇਦਾ ਹੁੰਦਾ ਹੈ।

**3 ਸ਼ਹਿਦ ਅਤੇ ਬਦਾਮ ਦਾ ਤੇਲ** - ਬਦਾਮ ਦੇ ਤੇਲ ਨਾਲ ਚਮੜੀ ਨਿਖਰਦੀ ਹੈ। ਇਸਦੀਆਂ 4 ਬੂੰਦਾਂ ਅੱਧੇ ਚਮਚ ਸ਼ਹਿਦ ਨਾਲ ਮਿਲਾਓ ਅਤੇ ਅੱਖਾਂ ਹੇਠਾਂ ਲਗਾਓ। ਫਿਰ ਬਾਅਦ 'ਚ ਗਰਮ ਪਾਣੀ ਨਾਲ ਚਿਹਰਾ ਧੋ ਲਓ।

**4 ਸ਼ਹਿਦ ਅਤੇ ਨਿੰਬੂ** - ਨਿੰਬੂ ਚਮੜੀ ਨੂੰ ਬਲੀਚ ਕਰਦਾ ਹੈ। ਇਸ ਲਈ ਨਿੰਬੂ ਦੇ ਰਸ ਦੀਆਂ ਬੂੰਦਾਂ ਸ਼ਹਿਦ 'ਚ ਮਿਕਸ ਕਰੋ ਅਤੇ ਇਸ ਨੂੰ ਅੱਖਾਂ ਦੇ ਹੇਠਾਂ ਲਗਾਓ। 20 ਮਿੰਟ ਬਾਅਦ ਚਿਹਰੇ ਨੂੰ ਧੋ ਲਓ।

**5. ਸ਼ਹਿਦ ਅਤੇ ਕੇਲੇ** - ਜੇ ਤੁਹਾਡੀਆਂ ਅੱਖਾਂ ਥੱਲੇ ਕਾਲੇ ਘੇਰੇ ਹਨ ਤਾਂ ਕੇਲੇ ਨੂੰ ਮੈਸ਼ ਕਰਕੇ ਉਸ 'ਚ ਸ਼ਹਿਦ ਮਿਲਾਕੇ ਵੀ ਲਗਾ ਸਕਦੇ ਹੋ ਇਹ ਮਿਸ਼ਰਨ ਅੱਖਾਂ ਨੂੰ ਠੰਡਕ ਦੇਣ ਦਾ ਕੰਮ ਕਰਦਾ ਹੈ ਅਤੇ ਨਾਲ ਹੀ ਕਾਲੇ ਘੇਰੇ ਦੂਰ ਕਰਨ 'ਚ ਵੀ ਮਦਦ ਕਰਦਾ ਹੈ।

# ਬਲੱਡ ਸ਼ੂਗਰ ਕੰਟਰੋਲ ਕਰਨ ਲਈ ਇਹ ਫਲ ਬੇਹੱਦ ਲਾਹੇਵੰਦ

ਲੰਡਨ— ਐਵੋਕਾਡੋ ਇਕ ਅਜਿਹਾ ਫਲ ਹੈ, ਜਿਸ ਪ੍ਰਤੀ ਪਿਛਲੇ ਕੁਝ ਸਾਲਾਂ ਤੋਂ ਲੋਕਾਂ ਦਰਮਿਆਨ ਬਹੁਤ ਆਕਰਸ਼ਣ ਵਧਿਆ ਹੈ। ਇਸਦਾ ਕਾਰਣ ਹੈ ਇਸ ਫਲ ਦੀਆਂ ਖੂਬੀਆਂ। ਐਵੋਕਾਡੋ ਮੋਟਾਪੇ ਨੂੰ ਕੰਟਰੋਲ ਕਰਨ ਤੋਂ ਲੈ ਕੇ ਟਾਈਪ-ਟੂ ਡਾਇਬਟੀਜ਼ ਤੋਂ ਬਚਾਉਣ ਤੱਕ 'ਚ ਮਦਦਗਾਰ ਹੈ। ਅਜਿਹੇ 'ਚ ਕਈ ਤਰ੍ਹਾਂ ਦੀ ਹੈਲਥ ਡਾਈਟ 'ਚ ਐਵਕਾਡੋ ਦਾ ਸ਼ਾਮਲ ਹੋਣਾ ਹੈਰਾਨ ਨਹੀਂ ਕਰਦਾ ਹੈ।ਟਾਈਪ 2 ਡਾਇਬਿਟੀਜ਼ ਇਕ ਅਜਿਹੀ ਬੀਮਾਰੀ ਹੈ, ਜੋ ਪ੍ਰਭਾਵਿਤ ਲੋਕਾਂ ਦੇ ਸਰੀਰ 'ਚ ਬਲੱਡ 'ਚ ਗਲੂਕੋਜ਼ ਦੀ ਮਾਤਰਾ ਨੂੰ ਪ੍ਰਭਾਵਿਤ ਕਰਦੀ ਹੈ। ਇਸ ਬੀਮਾਰੀ ਦੀ ਲਪੇਟ 'ਚ ਆਉਣ ਤੋਂ ਬਾਅਦ ਰੋਗੀ ਦੇ ਬਲੱਡ 'ਚ ਸ਼ੂਗਰ ਦੀ ਮਾਤਰਾ ਵਧਣ ਲੱਗਦੀ ਹੈ। ਇਸ ਬੀਮਾਰੀ ਤੋਂ ਬਚਣ ਦਾ ਇਕ ਚੰਗਾ ਤਰੀਕਾ ਇਹ ਹੈ ਕਿ ਅਸੀਂ ਆਪਣੇ ਖਾਣ-ਪੀਣ 'ਤੇ ਪੂਰਾ ਧਿਆਨ ਦਈਏ।ਸਾਬਤ ਅਨਾਜ, ਹਰੀਆਂ ਸਬਜ਼ੀਆਂ ਅਤੇ ਬ੍ਰਾਊਨ ਰਾਈਸ ਤੋਂ



ਇਲਾਵਾ ਓਟਮੀਲ, ਨਟਸ ਅਤੇ ਸੀਡਸ ਵੀ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਦਾ ਕੰਮ ਕਰਦੇ ਹਨ। ਰੇਸ਼ੇਦਾਰ ਫਲ ਖਾਂਦੇ ਰਹਿਣਾ ਚਾਹੀਦਾ ਹੈ। ਉਂਝ ਕਈ ਖੋਜਾਂ 'ਚ ਇਹ ਗੱਲ ਸਾਬਿਤ ਹੋ ਚੁੱਕੀ ਹੈ ਕਿ ਟਾਈਪ ਟੂ ਡਾਇਬਿਟੀਜ਼ ਤੋਂ ਬਚਣ ਲਈ ਅਤੇ ਇਹ ਬੀਮਾਰੀ ਹੋਣ 'ਤੇ ਕੰਟਰੋਲ ਰੱਖਣ 'ਚ ਐਵੋਕਾਡੋ ਬਹੁਤ ਮਦਦਗਾਰ ਹੈ। ਇਕ ਐਵੋਕਾਡੋ ਨੂੰ ਹਰ ਰੋਜ਼ ਨਾਸ਼ਤੇ ਮੌਕੇ ਖਾਣ ਨਾਲ ਤੁਹਾਨੂੰ ਭਰਪੂਰ ਐਨਰਜੀ ਮਿਲਦੀ ਹੈ, ਭੁੱਖ ਮਿਟ ਜਾਂਦੀ ਹੈ ਅਤੇ ਫੈਟ ਵੱਧਣ ਦਾ ਖਤਰਾ ਵੀ ਨਹੀਂ ਰਹਿੰਦਾ ਹੈ।ਐਵੋਕਾਡੋ 'ਚ ਕਾਬਰਸ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਇਸ ਕਾਰਣ ਇਸਨੂੰ ਖਾਣ ਤੋਂ ਬਾਅਦ ਬਲੱਡ ਸ਼ੂਗਰ ਲੈਵਲ 'ਚ ਵਾਧਾ ਨਹੀਂ ਹੁੰਦਾ। ਇਸਨੂੰ ਖਾਣ ਤੋਂ ਬਾਅਦ ਤੁਹਾਨੂੰ ਲੰਬੇ ਸਮੇਂ ਤੱਕ ਪੇਟ ਭਰਿਆ-ਭਰਿਆ ਮਹਿਸੂਸ ਹੁੰਦਾ ਹੈ, ਇਸ ਨਾਲ ਤੁਸੀਂ ਲੋੜ ਨਾਲੋਂ ਵੱਧ ਖਾਣਾ ਨਹੀਂ ਖਾਂਦੇ ਅਤੇ ਤੁਹਾਨੂੰ ਪੋਸ਼ਣ ਵੀ ਪੂਰਾ ਮਿਲਦਾ ਹੈ। ਇਸ ਵਿਚ ਫਾਈਬਰਸ ਵੀ ਭਰਪੂਰ ਮਾਤਰਾ 'ਚ ਹੁੰਦੇ ਹਨ।ਐਵੋਕਾਡੋ ਹਾਈ ਪੋਟਾਸ਼ੀਅਮ ਫੂਡ ਹੈ। ਇਹ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਬਹੁਤ ਹੀ ਫਾਇਦੇਮੰਦ ਹੈ। ਇਸ ਵਿਚ ਮੌਜੂਦ ਪੋਟਾਸ਼ੀਅਮ ਸਰੀਰ 'ਚ ਵਾਧੂ ਸੋਡੀਅਮ ਕਾਰਣ ਹੋਣ ਵਾਲੇ ਅਸਰ ਨੂੰ ਰੋਕਦਾ ਹੈ। ਐਵੋਕਾਡੋ ਵੱਧਦੇ ਹੋਏ ਕੋਲੈਸਟਰੋਲ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਬਲੱਡ ਪ੍ਰੈਸ਼ਰ ਅਤੇ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ ਦੀਆਂ ਖੂਬੀਆਂ ਹੀ ਐਵੋਕਾਡੋ ਨੂੰ ਇਕ ਬੇਹੱਦ ਖਾਸ ਫਲ ਬਣਾਉਂਦੀਆਂ ਹਨ।


# ਮਿੱਠੇ ਪੀਣ ਵਾਲੇ ਪਦਾਰਥਾਂ ਨੂੰ ਆਪਣੀ ਨਿਯਮਿਤ ਆਦਤ ਨਾ ਬਣਾਓ



ਜੋ ਲੋਕ ਜ਼ਿਆਦਾ ਮਿੱਠੇ ਪੀਣ ਵਾਲੇ ਪਦਾਰਥ ਜਿਵੇਂ ਸੋਢਾ, ਰਸ ਆਦਿ ਜ਼ਿਆਦਾ ਪੀਂਦੇ ਹਨ, ਉਨ੍ਹਾਂ ਕਈ ਤਰ੍ਹਾਂ ਦੇ ਕੈਂਸਰ, ਖਾਸ ਕਰਕੇ ਛਾਤੀ ਦਾ ਕੈਂਸਰ ਦਾ ਹੋਣ ਖ਼ਤਰਾ ਵਧ ਜਾਂਦਾ ਹੈ ।ਇਕ ਫ੍ਰੈਂਚ ਅਧਿਐਨ ਵਿਚ ਔਸਤ 42 ਸਾਲ ਉਮਰ ਦੀਆਂ ਔਰਤਾਂ ਅਤੇ ਮਰਦਾਂ ਦਾ ਅਧਿਐਨ ਕੀਤਾ ਗਿਆ । ਇਸ ਅਧਿਐਨ ਵਿਚ 21 ਫੀਸਦੀ ਮਰਦ ਅਤੇ 79 ਫੀਸਦੀ ਔਰਤਾਂ ਸਨ ।ਅਧਿਐਨ ਵਿਚ ਭਾਗ ਲੈਣ ਵਾਲਿਆਂ ਤੋਂ ਉਨ੍ਹਾਂ ਦੇ ਰੋਜ਼ਾਨਾ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੀ ਜਾਣਕਾਰੀ ਲਈ ਗਈ। ਇਹ ਪਾਇਆ ਗਿਆ ਕਿ ਮਰਦ ਔਰਤਾਂ ਨਾਲੋਂ ਜ਼ਿਆਦਾ ਮਿੱਠੇ ਪਦਾਰਥ ਪੀਂਦੇ ਹਨ ।ਇਨ੍ਹਾਂ 101257 ਲੋਕਾਂ ਦਾ 9 ਸਾਲ ਤੱਕ ਅਧਿਐਨ ਕੀਤਾ ਗਿਆ ਅਤੇ ਕੈਂਸਰ ਦੇ 2193 ਮਾਮਲੇ ਪਾਏ ਗਏ । ਇਹ ਪਾਇਆ ਗਿਆ ਕਿ ਜੋ ਲੋਕ 100 ਮਿ: ਲਿ: ਮਿੱਠੇ ਪੀਣ ਵਾਲੇ ਪਦਾਰਥ ਰੋਜ਼ ਪੀਂਦੇ ਸਨ, ਉਨ੍ਹਾਂ ਵਿਚ ਕੈਂਸਰ ਦਾ 18 ਫੀਸਦੀ ਜ਼ਿਆਦਾ ਖ਼ਤਰਾ ਪਾਇਆ ਗਿਆ ਅਤੇ 22 ਫੀਸਦੀ ਔਰਤਾਂ ਵਿਚ ਛਾਤੀ ਦੇ ਕੈਂਸਰ ਦਾ ਖ਼ਤਰਾ ਪਾਇਆ ਗਿਆ ।ਇਨ੍ਹਾਂ ਮਿੱਠੇ ਪੀਣ ਵਾਲੇ ਪਦਾਰਥਾਂ ਵਿਚ ਸ਼ੁੱਧ ਫਲਾਂ ਦਾ ਰਸ ਵੀ ਸ਼ਾਮਿਲ ਹੈ। ਇਸ ਲਈ ਕਿਸੇ ਵੀ ਤਰ੍ਹਾਂ ਦੇ ਮਿੱਠੇ ਪੀਣ ਵਾਲੇ ਪਦਾਰਥਾਂ ਨੂੰ ਆਪਣੀ ਨਿਯਮਿਤ ਆਦਤ ਨਾ ਬਣਾਓ।

# ਅਨੁਵਾਂਸ਼ਿਕ ਮੋਟਾਪੇ ਨੂੰ ਕੰਟਰੋਲ ਕਰਨ 'ਚ ਜੌਗਿੰਗ ਮਦਦਗਾਰ

ਸ਼ੋਧਕਰਤਾਵਾਂ ਦਾ ਕਹਿਣਾ ਹੈ ਕਿ ਕੁਝ ਲੋਕਾਂ 'ਚ ਅਨੁਵਾਂਸ਼ਿਕ ਮੋਟਾਪੇ ਦਾ ਜੀਨ ਹੁੰਦਾ ਹੈ ।ਇਸ ਕਾਰਨ ਉਨ੍ਹਾਂ ਲੋਕਾਂ 'ਚ ਮੋਟਾਪੇ ਦਾ ਖ਼ਤਰਾ ਬਣਿਆ ਰਹਿੰਦਾ ਹੈ ।ਅਜਿਹੇ ਲੋਕਾਂ ਲਈ ਹੁਣ ਕੁਝ ਖ਼ਾਸ ਕਸਰਤ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਨੂੰ ਮੋਟਾਪਾ ਵਧਾਉਣ ਵਾਲੇ ਅਨੁਵਾਂਸ਼ਿਕ ਪ੍ਰਭਾਵ ਨਾਲ ਮੁਕਾਬਲੇ 'ਚ ਅਸਰਦਾਰ ਪਾਇਆ ਗਿਆ ਹੈ ।ਸ਼ੋਧਕਰਤਾਵਾਂ ਮੁਤਾਬਕ, ਮੋਟਾਪੇ ਨੂੰ ਕੰਟਰੋਲ ਕਰਨ 'ਚ ਰੈਗੂਲਰ ਜੌਗਿੰਗ ਸਭ ਤੋਂ ਚੰਗੀ ਕਸਰਤ ਪਾਈ ਗਈ ਹੈ । ਇਸ ਤੋਂ ਇਲਾਵਾ ਟਹਿਲਣ, ਕੁਝ ਖ਼ਾਸ ਨ੍ਰਿਤ ਕਰਨ ਤੇ ਯੋਗ ਨਾਲ ਵੀ ਅਜਿਹੇ ਲੋਕ ਆਪਣੇ ਬਾਡੀ ਮਾਸ ਇੰਡੈਕਸ (ਬੀਐੱਮਆਈ) ਨੂੰ ਘੱਟ ਕਰ ਸਕਦੇ ਹਨ । ਪਰ ਹੈਰਾਨੀ ਦੀ ਗੱਲ ਇਹ ਹੈ ਕਿ ਤੈਰਾਕੀ, ਸਾਈਕਿਲੰਗ ਤੇ ਸਟ੍ਰੈਚਿੰਗ ਜਿਹੀ ਕਸਰਤ ਮੋਟਾਪੇ 'ਚ ਅਨੁਵਾਂਸ਼ਿਕ ਪ੍ਰਭਾਵ ਦੀ ਰੋਕਥਾਮ 'ਚ ਅਸਰਦਾਰ ਨਹੀਂ ਪਾਈ ਗਈ। ਨੈਸ਼ਨਲ ਤਾਇਵਾਨ ਯੂਨੀਵਰਸਿਟੀ ਦੇ ਸ਼ੋਧਕਰਤਾਵਾਂ ਨੇ ਇਹ ਨਤੀਜਾ 30 ਤੋਂ 70 ਸਾਲ ਦੀ ਉਮਰ ਦੇ 18,424 ਲੋਕਾਂ 'ਤੇ ਕੀਤੇ ਅਧਿਐਨ ਦੇ ਆਧਾਰ 'ਤੇ ਕੱਢਿਆ ਹੈ ।



# ਬਾਬਾ ਫ਼ਰੀਦ ਜੀ



**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰ ਦੇਖੁ ॥**

ਬਾਬਾ ਸ਼ੇਖ ਫਰੀਦ ਦਾ ਜਨਮ ਪਿੰਡ ਖੇਤਵਾਲ, ਜਿਲ੍ਹਾ ਮੁਲਤਾਨ ਵਿਚ ਸੰਨ 1173 ਈ: ਵਿਚ ਮਾਤਾ ਕੁਰੈਸ਼ਮ ਖਾਤੂਨ ਦੀ ਕੁੱਖੋਂ ਹੋਇਆ। ਬਾਬਾ ਫਰੀਦ ਦੇ ਪਿਤਾ ਜਮਾਲ-ਉਦ-ਦੀਨ ਸੁਲੇਮਾਨ ਸੁਲਤਾਨ ਮਹਿਮੂਦ ਗਜ਼ਨੀ ਦੇ ਭਣੇਵੇਂ ਸਨ। ਪਰਿਵਾਰ ਸੁਲਤਾਨ ਸ਼ਹਾਬ-ਉਦ-ਦੀਨ ਦੇ ਸਮੇਂ ਕਾਬਲ ਤੋਂ ਕਸੂਰ ਆ ਗਿਆ ਅਤੇ ਉਥੋਂ ਖੇਤਵਾਲ।

ਬਾਬਾ ਫਰੀਦ ਦੀ ਪਤਨੀ ਵੀ ਸ਼ਾਹੀ ਖਾਨਦਾਨ ਵਿਚੋਂ ਸੁਲਤਾਨ ਗਿਆਸ-ਉਦ-ਦੀਨ ਬਲਬਨ ਦੀ ਪੁੱਤਰੀ ਸੀ। ਬਾਬਾ ਜੀ ਦੀ ਮੁਢਲੀ ਵਿਦਿਆ ਖੇਤਵਾਲ ਵਿਚ ਹੋਈ। ਫੇਰ ਉਹ ਮੁਲਤਾਨ ਚਲੇ ਗਏ ਅਤੇ ਮੌਲਵੀ ਮਨਹਾਲ-ਉਦ-ਦੀਨ ਤੋਂ ਕੁਰਾਨ ਸ਼ਰੀਫ, ਹਦੀਸ ਤੇ ਛਿਕਾ ਪੜ੍ਹੇ। ਉਸ ਪਿਛੋਂ ਦਿੱਲੀ ਚਲੇ ਆਏ ਅਤੇ ਖਵਾਜ਼ਾ ਕੁਤਬ-ਉਦ-ਦੀਨ ਕਾਕੀ ਨੂੰ ਗੁਰੂ ਧਾਰ ਲਿਆ। ਹੋਇਆ ਇਸ ਤਰ੍ਹਾਂ ਕਿ ਇਕ ਵਾਰ ਕਾਕੀ ਸਾਹਿਬ ਮੁਲਤਾਨ ਆਏ ਤੇ ਉਨ੍ਹਾਂ ਦੇਖਿਆ ਕਿ ਬਾਬਾ ਫਰੀਦ ਬੜੇ ਧਿਆਨ ਨਾਲ ਪੜ੍ਹ ਰਹੇ ਹਨ। ਉਨ੍ਹਾਂ ਪੁਛਿਆ, ਕੀ ਪੜ੍ਹ ਰਹੇ ਹੋ ? ਬਾਬਾ ਫਰੀਦ ਨੇ ਉਤਰ ਦਿੱਤਾ, ਜਨਾਬ ਮੈਂ ਨਾਫਹ ਪੜ੍ਹ ਰਿਹਾ ਹਾਂ। ਕਾਕੀ ਸਾਹਿਬ ਨੇ ਬਚਨ ਕੀਤਾ, ਨਾਫਹ, ਨਾਫਹ ਹੀ ਸਾਬਤ ਹੋਵੇਗੀ। ਨਾਫਹ ਦਾ ਅਰਥ ਹੈ, ਨਫਾ ਦੇਣ ਵਾਲੀ।

ਫਰੀਦ ਜੀ ਨੇ ਬੇਨਤੀ ਕੀਤੀ ਕਿ ਤੁਸੀਂ ਮੈਨੂੰ ਆਪਣਾ ਚੇਲਾ ਬਣਾ ਲਓ। ਕਾਕੀ ਸਾਹਿਬ ਨੇ ਕਿਹਾ, ਅਜੇ ਤੁਸੀਂ ਸੰਸਾਰਕ ਵਿਦਿਆ ਪ੍ਰਾਪਤ ਕਰੋ, ਵਿਦਿਆ ਵੱਲ ਧਿਆਨ ਦੇਵੋ ਕਿਉਂਕਿ ਅਨਪੜ੍ਹ ਸੂਫੀ ਸ਼ੈਤਾਨ ਹੁੰਦਾ ਹੈ। ਪੜ੍ਹਾਈ ਪੂਰੀ ਕਰਕੇ ਮੇਰੇ ਪਾਸ ਆ ਜਾਣਾ।

ਬਾਬਾ ਜੀ ਨੇ ਵਿਦਿਆ ਪੂਰੀ ਕਰ ਕੇ ਦਿੱਲੀ ਦਾ ਰਾਹ ਫੜ੍ਹਿਆ। ਇਥੋਂ ਉਨ੍ਹਾਂ ਨੂੰ ਸਫਰ ਦਾ ਸ਼ੌਕ ਪੈਦਾ ਹੋਇਆ ਤੇ ਉਹ ਮੁਲਤਾਨ ਤੋਂ ਕੰਧਾਰ, ਬਗਦਾਦ ਅਤੇ ਈਰਾਨ ਗਏ। ਅਫਰੀਕਾ ਦੇ ਮੁਸਲਿਮ ਦੇਸ਼ਾਂ ਦਾ ਵੀ ਭਰਮਣ ਕੀਤਾ। ਉਹ ਉਨ੍ਹਾਂ ਮੁਲਕਾਂ ਦੇ ਵੱਡੇ ਵੱਡੇ ਵਿਦਵਾਨਾਂ ਨੂੰ ਮਿਲੇ ਜਿਨ੍ਹਾਂ ਵਿਚ ਸ਼ੇਖ ਸੁਹਾਬ-ਉਦ-ਦੀਨ ਸੁਹਰਾਵਰਦੀ, ਖਵਾਜ਼ਾ ਫਰੀਦ-ਉਦ-ਦੀਨ ਮਹੱਤਾਰ ਅਤੇ ਸ਼ੇਖ ਸ਼ਾਅਦੀ ਦੇ ਨਾਂ ਖਾਸ ਜ਼ਿਕਰਯੋਗ ਹਨ।

ਸਫਰ ਖਤਮ ਕਰਨ ਪਿਛੋਂ ਬਾਬਾ ਜੀ ਦਿੱਲੀ ਆ ਗਏ। ਕਾਕੀ ਸਾਹਿਬ ਨੇ ਉਨ੍ਹਾਂ ਨੂੰ ਭਾਈਚਾਰੇ ਤੇ ਦੋਸਤੀ ਦਾ ਪੈਗਾਮ ਫੈਲਾਉਣ ਦਾ ਉਪਦੇਸ਼ ਦਿੱਤਾ ਅਤੇ ਗਜ਼ਨੀ ਦਰਵਾਜ਼ੇ ਕੋਲ ਰਹਿਣ ਨੂੰ ਥਾਂ ਦੇ ਦਿੱਤੀ। ਇਥੇ ਬਾਬਾ ਜੀ ਨੇ ਘੋਰ ਤਪੱਸਿਆ ਕੀਤੀ। ਭੁੰਜੇ ਆਸਣ, ਇੱਟ ਦਾ ਸਿਰਹਾਣਾ, ਕੁਝ ਖਾਧੇ-ਪੀਤੇ ਬਿਨਾ ਸਰੀਰ ਹੱਡੀਆਂ ਦਾ ਪਿੰਜਰ ਬਣ ਗਿਆ। ਉਨ੍ਹਾਂ ਪਾਸ ਲੋਕਾਂ ਦੀ ਆਵਾਜਾਈ ਵਧ ਗਈ ਅਤੇ ਭਗਤੀ ਦਾ ਸਮਾਂ ਨਾ ਮਿਲਦਾ। ਫਰੀਦ ਜੀ ਨੇ ਆਪਣੀ ਸਮੱਸਿਆ ਆਪਣੇ ਗੁਰੂ ਨੂੰ ਦੱਸੀ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਹਾਂਸੀ (ਹਿਸਾਰ) ਚਲੇ ਜਾਓ। ਉਥੇ ਇਕ ਮਸੀਤ ਵਿਚ ਰਹਿ ਕੇ ਬਾਬਾ ਜੀ ਨੇ ਘੋਰ ਤਪੱਸਿਆ ਕੀਤੀ।

ਇਨ੍ਹੀਂ ਦਿਨੀਂ ਕਾਕੀ ਸਾਹਿਬ ਰੱਬ ਨੂੰ ਪਿਆਰੇ ਹੋ ਗਏ ਅਤੇ ਬਾਬਾ ਫਰੀਦ ਨੂੰ ਉਨ੍ਹਾਂ ਦੀ ਥਾਂ ਦਿੱਲੀ ਦੀ ਗੱਦੀ ਮਿਲ ਗਈ ਪਰ ਦਿੱਲੀ ਵਿਖੇ ਆਏ-ਗਏ ਸੇਵਕਾਂ ਅਤੇ ਦੂਰੋਂ ਦੂਰੋਂ ਆਏ ਸ਼ਰਧਾਲੂਆਂ ਨਾਲ ਗੱਲਬਾਤ ਵਿਚ ਹੀ ਉਨ੍ਹਾਂ ਦਾ ਸਾਰਾ ਸਮਾਂ ਬਤੀਤ ਹੋ ਜਾਂਦਾ। ਅੱਲਾ ਦੀ ਬੰਦਗੀ ਲਈ ਸਮਾਂ ਹੀ ਨਾ ਮਿਲਦਾ। ਤੰਗ ਆ ਕੇ ਉਹ ਫੇਰ ਹਾਂਸੀ ਆ ਗਏ ਪਰ ਇਥੇ ਵੀ ਲੋਕਾਂ ਦੀ ਭੀੜ ਬਾਬਾ ਜੀ ਦੇ ਦਰਸ਼ਨਾਂ ਲਈ ਜੁੜੀ ਰਹਿੰਦੀ। ਉਥੋਂ ਉਹ ਅਯੋਧਨ ਚਲੇ ਗਏ। ਇਸ ਸ਼ਹਿਰ ਦਾ ਨਾਂ ਅਕਬਰ ਬਾਦਸ਼ਾਹ ਨੇ ਬਦਲ ਕੇ ਪਾਕ ਪੱਤਣ ਰੱਖ ਦਿੱਤਾ ਜੋ ਵਿਗੜ ਕੇ ਅੱਜ ਕਲ ਪਾਕਪਟਨ ਹੋ ਗਿਆ ਹੈ ਅਤੇ ਜਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿਚ ਹੈ।

ਬਚਪਨ ਵਿਚ ਸ਼ੇਖ ਫਰੀਦ ਨੂੰ ਨਮਾਜ ਪੜ੍ਹਾਉਣ ਲਈ ਉਨ੍ਹਾਂ ਦੀ ਮਾਤਾ ਜੀ ਉਨ੍ਹਾਂ ਦੇ ਆਸਣ ਹੇਠਾਂ ਥੋੜ੍ਹੀ ਜਿਹੀ ਸ਼ੱਕਰ ਰੱਖ ਦਿੰਦੇ ਅਤੇ ਆਖਦੇ, ਜੋ ਨਮਾਜ ਪੜ੍ਹਦਾ ਹੈ, ਅੱਲਾ ਉਸ ਨੂੰ ਸ਼ੱਕਰ ਦਿੰਦਾ ਹੈ। ਇਕ ਵਾਰ ਫਰੀਦ ਜੀ ਨੇ ਜੰਗਲ ਵਿਚ ਆਪਣੇ ਕਈ ਸਾਥੀਆਂ ਨਾਲ ਨਮਾਜ ਪੜ੍ਹੀ। ਪਹਿਲਾਂ ਦੀ ਤਰ੍ਹਾਂ ਮਸੱਲਾ ਚੁੱਕ ਕੇ ਦੇਖਿਆ, ਉਥੇ ਢੇਰ ਸਾਰੀ ਸ਼ੱਕਰ ਪਈ ਸੀ। ਉਨ੍ਹਾਂ ਦੀ ਮਾਂ ਘਰ ਬੈਠੀ ਫਿਕਰ ਕਰੇ ਕਿ ਅੱਜ ਉਸ ਦਾ ਪਾਜ ਖੁੱਲ੍ਹ ਜਾਏਗਾ ਕਿ ਉਹ ਫਰੀਦ ਦੇ ਮਸੱਲੇ (ਆਸਣ) ਹੇਠਾਂ ਸ਼ੱਕਰ ਰੱਖਦੀ ਸੀ। ਉਸ ਨੇਕ ਖਾਤੂਨ ਨੇ ਅੱਲਾ ਅੱਗੇ ਦੁਆ ਕੀਤੀ ਕਿ ਮੇਰੀ ਲਾਜ ਰੱਖੀਂ। ਫਰੀਦ ਜੀ ਨੇ ਘਰ ਆ ਕੇ ਦੱਸਿਆ ਕਿ ਅੱਜ ਤਾਂ ਢੇਰ ਸਾਰੀ ਸ਼ੱਕਰ ਮਿਲੀ ਜੋ ਅਸੀਂ ਸਾਰਿਆਂ ਨੇ ਰੱਜ ਰੱਜ ਖਾਧੀ। ਮਾਂ ਨੇ ਅੱਲਾ ਦਾ ਸ਼ੁਕਰ ਕੀਤਾ ਕਿ ਮਾਲਕ ਨੇ ਉਸ ਦੀ ਲਾਜ ਰੱਖੀ ਹੈ। ਬਾਬਾ ਫਰੀਦ ਸ਼ਾਦੀ-ਸ਼ੁਦਾ ਫਕੀਰ ਸਨ। ਉਹ ਦਿੱਲੀ ਦੇ ਬਾਦਸ਼ਾਹ ਦੇ ਜਵਾਈ ਸਨ ਪਰ ਆਪ ਫਕੀਰੀ ਵੇਸ ਵਿਚ ਰਹਿੰਦੇ ਸਨ। ਫਰੀਦ ਜੀ ਦੇ ਛੇ ਪੁੱਤਰ ਅਤੇ ਦੋ ਧੀਆਂ ਸਨ। ਹਜਰਤ ਨਮਾਜ਼-ਉਦ-ਦੀਨ ਔਲੀਆ ਉਨ੍ਹਾਂ ਦੇ ਜਵਾਈ ਸਨ। ਪਾਕਪਟਨ ਦੀ ਗੱਦੀ ਆਪ ਤੋਂ ਬਾਅਦ ਵੱਡੇ ਪੁੱਤਰ ਸ਼ੇਖ ਬਦਰ-ਉਦ-ਦੀਨ ਸੁਲੇਮਾਨ ਨੂੰ ਮਿਲੀ।

ਬਾਬਾ ਫਰੀਦ 93 ਵਰ੍ਹਿਆਂ ਦੀ ਉਮਰੇ ਸੰਨ 1266 ਈਲ਼ ਵਿਚ ਇਸ ਜਹਾਨ-ਏ-ਫਾਨੀ ਨੂੰ ਅਲਵਿਦਾ ਆਖ ਗਏ। ਉਹ ਇਸਲਾਮ ਦੇ ਸਹੀ ਅਸੂਲਾਂ 'ਤੇ ਚਲਦੇ ਰਹੇ, ਹਾਲਾਂਕਿ ਕਈ ਸੂਫੀ ਇਸਲਾਮ ਦੇ ਅਸੂਲਾਂ ਦੇ ਪੂਰੇ ਪਾਬੰਦ ਨਹੀਂ ਸਨ। ਬਾਬਾ ਜੀ ਕਿਸੇ ਤੋਂ ਕੋਈ ਚੀਜ਼ ਮੰਗ ਕੇ ਨਹੀਂ ਸਨ ਲੈਂਦੇ। ਉਨ੍ਹਾਂ ਦੇ ਸਹੁਰਾ ਸਾਹਿਬ ਦਿੱਲੀ ਦੇ ਬਾਦਸ਼ਾਹ ਇਕ ਵਾਰ ਉਨ੍ਹਾਂ ਕੋਲ ਪਾਕਪਟਨ ਆਏ ਅਤੇ ਉਨ੍ਹਾਂ ਨੂੰ ਕੁਝ ਜਾਗੀਰ ਦੇਣੀ ਚਾਹੀ। ਬਾਬਾ ਜੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਇਹ ਕਿਸੇ ਜ਼ਰੂਰਤਮੰਦ ਨੂੰ ਦੇ ਦਿਓ, ਪੁੰਨ ਮਿਲੇਗਾ। ਫਰੀਦ ਜੀ ਨੇ ਆਪਣੀ ਬਾਣੀ ਵਿਚ ਇਨਸਾਨ ਨੂੰ ਸਬਰ ਸੰਤੋਖ ਦਾ ਜੀਵਨ ਜਿਉਣ, ਸਹਿਨਸ਼ੀਲਤਾ, ਬੁਰੇ ਦਾ ਭਲਾ ਕਰਨ, ਅਹਿੰਸਾ ਅਤੇ ਇਮਾਨਦਾਰੀ ਨਾਲ ਕਿਰਤ ਕਰਨ ਦੀ ਪ੍ਰੇਰਨਾ ਦਿੱਤੀ। ਇਸੇ ਕਰਕੇ ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਨਮਾਨਯੋਗ ਥਾਂ ਮਿਲੀ। ਉਨ੍ਹਾਂ ਦੀ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ, ਬਾਰੇ ਪੱਕੇ ਤੌਰ 'ਤੇ ਨਹੀਂ ਕਿਹਾ ਜਾ ਸਕਦਾ ਕਿ ਇਹ ਉਨ੍ਹਾਂ ਦੀ ਹੀ ਹੈ ਜਾਂ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਗੱਦੀ 'ਤੇ ਬੈਠਣ ਵਾਲੇ ਕਿਸੇ ਹੋਰ ਫਰੀਦ ਦੀ ਹੈ। ਇਸੇ ਤਰ੍ਹਾਂ ਭਗਤ ਕਬੀਰ ਅਤੇ ਭਗਤ ਰਵੀਦਾਸ ਜੀ ਦੀ ਵੀ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ ਦੇ 4 ਸ਼ਬਦ ਅਤੇ 112 ਸਲੋਕ ਹਨ। ਪੰਜਾਬੀ ਭਾਸ਼ਾ ਨੂੰ ਉਨ੍ਹਾਂ ਦੀ ਵੱਡੀ ਦੇਣ ਹੈ। ਉਨ੍ਹਾਂ ਨੇ ਫਾਰਸੀ ਦੀ ਥਾਂ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਆਪਣੀ ਮਾਂ ਬੋਲੀ ਗੁਰਮੁੱਖੀ ਨੂੰ ਸਤਿਕਾਰਿਆ।


**ਵਾਸਦੇਵ ਸਿੰਘ ਪਰਹਾਰ**






# ਮਾਣੋ ਜ਼ਿੰਦਗੀ ਦੇ ਰੰਗ

✿ ਅਜੀਤ ਸਿੰਘ ਚੰਦਨ



**ਨੌਜਵਾਨ ਇਸ ਜਵਾਨੀ ਦੇ ਜ਼ੋਰ ਕਾਰਨ ਹੀ ਜਣੇ-ਖਣੇ ਨੂੰ ਲਲਕਾਰਦੇ ਹਨ ਤੇ ਲੜਨ ਲਈ ਝੱਟ ਤਿਆਰ ਹੋ ਜਾਂਦੇ ਹਨ। ਕਈ ਇਸ ਜਵਾਨੀ-ਮਸਤਾਨੀ ਦੇ ਜ਼ੋਰ ਕਾਰਨ ਖ਼ੂਨ ਤਕ ਕਰ ਦਿੰਦੇ ਹਨ ਤੇ ਫਿਰ ਜੇਲ੍ਹਾਂ ਭੁਗਤਦੇ ਹਨ। ਜਿੰਨਾ ਚਿਰ ਇਨਸਾਨ ਮੜ੍ਹਕ ਨਾਲ ਤੁਰਦਾ ਹੈ ਤੇ ਜਿਉਂਦਾ ਹੈ, ਉਹੀ ਉਮਰ ਮਾਨਣ-ਯੋਗ ਤੇ ਖ਼ੂਬਸੂਰਤ ਹੁੰਦੀ ਹੈ।**

ਇਨਸਾਨ ਕਿੰਨੀ ਵੀ ਲੰਬੀ ਉਮਰ ਭੋਗ ਲਵੇ, ਪਰ ਉਸ ਦਾ ਮਰਨ ਨੂੰ ਦਿਲ ਨਹੀਂ ਕਰਦਾ। ਕਈ 80, 90 ਸਾਲ ਦੇ ਬਜ਼ੁਰਗ ਸੋਟੀ ਦੇ ਸਹਾਰੇ ਤੁਰਦੇ ਜਾਂ ਪੈਰ ਘਸੀਟਦੇ ਆਮ ਵੇਖੇ ਜਾ ਸਕਦੇ ਹਨ, ਪਰ ਇਸ ਦੇ ਉਲਟ ਪਹਾੜਾਂ ’ਤੇ ਉੱਗੇ ਚੈਰੀ ਦੇ ਫੁੱਲ ਪੂਰੇ ਜੋਬਨ ’ਤੇ ਆ ਕੇ ਹਾਸੇ ਵੰਡਦੇ ਹਨ ਤੇ ਫਿਰ ਚੁੱਪ-ਚੁਪੀਤੇ ਗਰਮੀ ਦੀ ਰੁੱਤ ਵਿੱਚ ਟਾਹਣੀਆਂ ਨਾਲੋਂ ਵੱਖ ਹੋ ਕੇ ਧਰਤੀ ’ਤੇ ਡਿੱਗ ਪੈਂਦੇ ਹਨ। ਇਨਸਾਨ ਦੀ ਜ਼ਿੰਦਗੀ ਚੜ੍ਹਦੀ ਉਮਰ ਵਿੱਚ ਪਾਣੀਆਂ ਦੇ ਵੇਗ ਵਰਗੀ ਹੁੰਦੀ ਹੈ। ਨੌਜਵਾਨ ਇਸ ਜਵਾਨੀ ਦੇ ਜ਼ੋਰ ਕਾਰਨ ਹੀ ਜਣੇ-ਖਣੇ ਨੂੰ ਲਲਕਾਰਦੇ ਹਨ ਤੇ ਲੜਨ ਲਈ ਝੱਟ ਤਿਆਰ ਹੋ ਜਾਂਦੇ ਹਨ। ਕਈ ਇਸ ਜਵਾਨੀ-ਮਸਤਾਨੀ ਦੇ ਜ਼ੋਰ ਕਾਰਨ ਖ਼ੂਨ ਤਕ ਕਰ ਦਿੰਦੇ ਹਨ ਤੇ ਫਿਰ ਜੇਲ੍ਹਾਂ ਭੁਗਤਦੇ ਹਨ। ਜਿੰਨਾ ਚਿਰ ਇਨਸਾਨ ਮੜ੍ਹਕ ਨਾਲ ਤੁਰਦਾ ਹੈ ਤੇ ਜਿਉਂਦਾ ਹੈ, ਉਹੀ ਉਮਰ ਮਾਨਣ-ਯੋਗ ਤੇ ਖ਼ੂਬਸੂਰਤ ਹੁੰਦੀ ਹੈ।

ਕਈ ਅਲਬੇਲੇ ਗੱਭਰੂ ਜੁਆਨੀ ਵਿੱਚ ਸੋਹਣੀ ਜ਼ਿੰਦਗੀ ਗੁਜ਼ਾਰਦੇ ਹਨ ਤੇ ਵਿਆਹ ਕਰਵਾ ਕੇ ਆਪਣੀਆਂ ਸਭ ਜ਼ਿੰਮੇਵਾਰੀਆਂ ਵੀ ਚੁੱਕਦੇ ਹਨ। ਬੱਚੇ ਪਾਲਦੇ ਤੇ ਪੜ੍ਹਾਉਂਦੇ ਹਨ ਤੇ ਘਰਵਾਲੀ ਨਾਲ ਮਿਲ ਕੇ ਮਹਿਲ ਉਸਾਰਦੇ ਹਨ। ਪਰ ਅੱਖੜ ਸੁਭਾਅ ਤੇ ਗ਼ੈਰ-ਜ਼ਿੰਮੇਵਾਰ ਗੱਭਰੂ ਕਦੇ ਵੀ ਸੋਹਣੀ ਜ਼ਿੰਦਗੀ ਨਹੀਂ ਗੁਜ਼ਾਰਦੇ। ਉਹ ਸਦਾ ਜ਼ਿੰਦਗੀ ਤੋਂ ਭਗੌੜੇ ਬਣੇ ਰਹਿੰਦੇ ਹਨ। ਘਰਦਿਆਂ ਦੇ ਆਖੇ ਨਾ ਲੱਗ ਕੇ, ਨਮੋਸ਼ੀਆਂ ਖੱਟਦੇ ਹਨ। ਜੇ ਵਿਆਹ ਕਰਵਾ ਲੈਣ ਤਾਂ ਫਿਰ ਘਰਵਾਲੀ ਨੂੰ ਪੂਰਾ ਪਿਆਰ ਨਹੀਂ ਦਿੰਦੇ। ਸਗੋਂ ਸਾਰੇ ਪਰਿਵਾਰ ਨੂੰ ਫਾਹੇ ਟੰਗੀ ਰੱਖਦੇ ਹਨ। ਅਜਿਹੇ ਅੱਖੜ ਸੁਭਾਅ ਗੱਭਰੂ ਕਈ ਤਰ੍ਹਾਂ ਦੇ ਨਸ਼ੇ ਕਰਕੇ ਜ਼ਿੰਦਗੀ ਤਬਾਹ ਕਰ ਲੈਂਦੇ ਹਨ। ਜ਼ਿੰਦਗੀ ਬਰਬਾਦ ਕਰਨ ਤੋਂ ਬਾਅਦ ਉਨ੍ਹਾਂ ਦੇ ਪੱਲੇ ਸਿਵਾਏ ਪਛਤਾਵੇ ਦੇ ਕੁੱਝ ਨਹੀਂ ਰਹਿੰਦਾ। ਅਜਿਹੇ ਇਨਸਾਨ ਕਈ ਵਾਰ ਖ਼ੁਦਕੁਸ਼ੀ ਕਰਕੇ ਜ਼ਿੰਦਗੀ ਤੋਂ ਛੁਟਕਾਰਾ ਭਾਲਦੇ ਹਨ। ਲੰਬੀ ਉਮਰ ਉਹੀ ਇਨਸਾਨ ਭੋਗਦੇ ਹਨ ਜਿਨ੍ਹਾਂ ਨੇ ਜਵਾਨੀ ਵੇਲੇ ਮਿਹਨਤਾਂ ਕਰਕੇ ਜ਼ਿੰਦਗੀ ਨੂੰ ਸੋਹਣੇ ਢੰਗ ਨਾਲ ਗੁਜ਼ਾਰਿਆ ਹੋਵੇ। ਮਿਹਨਤਾਂ, ਮੁਸ਼ੱਕਤਾਂ ਕਰਕੇ ਆਪਣੀ ਜ਼ਿੰਦਗੀ ਨੂੰ ਸਿੱਧੇ ਰਾਹ ਪਾ ਕੇ ਮੰਜ਼ਿਲਾਂ ਤੈਅ ਕੀਤੀਆਂ ਹੋਣ। ਜ਼ਿੰਦਗੀ ਵਿੱਚ ਜੇ ਕੋਈ ਗ਼ਲਤੀ ਕੀਤੀ ਵੀ ਹੋਵੇ ਤਾਂ ਸਮੇਂ ਸਿਰ ਉਸ ਗ਼ਲਤੀ ਨੂੰ ਸੁਧਾਰ ਕੇ ਸਿੱਧੇ ਰਾਹ ਪੈ ਜਾਂਦੇ ਹਨ। ਹਰ ਇਨਸਾਨ ਗ਼ਲਤੀ ਕਰਦਾ ਹੈ, ਪਰ ਇਸ ਗ਼ਲਤੀ ਨੂੰ ਮੰਨ ਕੇ ਸਿੱਧੇ ਰਾਹ ਪੈ ਜਾਣਾ ਬੜਾ ਜ਼ਰੂਰੀ ਹੈ।





ਨਿਮਰਤਾ, ਹਲੀਮੀ ਤੇ ਸਦਭਾਵਨਾ ਵਰਗੇ ਗੁਣ ਤਦ ਹੀ ਪੈਦਾ ਹੁੰਦੇ ਹਨ ਜੇ ਬਚਪਨ ਦੀ ਉਮਰ ਵਿੱਚ ਹੀ ਬਾਲਕ ਨੂੰ ਕੋਈ ਪੀਰ ਮੁਰਸ਼ਦ ਤੇ ਚੰਗਾ ਉਸਤਾਦ ਮਿਲ ਜਾਵੇ। ਚੰਗੇ ਉਸਤਾਦ ਦਾ ਚੰਡਿਆ ਬਾਲਕ ਸਾਰੀ ਉਮਰ ਕੋਈ ਗ਼ਲਤੀ ਨਹੀਂ ਕਰਦਾ, ਪਰ ਬਿਨਾਂ ਗੁਰੂ ਗਿਆਨ ਹਾਸਲ ਨਹੀਂ ਕੀਤਾ ਜਾ ਸਕਦਾ। ਕਈ ਇਨਸਾਨ ਔਝੜ ਰਾਹਾਂ ’ਤੇ ਪੈ ਕੇ ਜ਼ਿੰਦਗੀ ਦਾ ਕਾਫ਼ੀ ਸਮਾਂ ਬਰਬਾਦ ਕਰ ਲੈਂਦੇ ਹਨ, ਪਰ ਅਖੀਰਲੀ ਉਮਰ ਵਿੱਚ ਸੁਧਰ ਕੇ ਸਿੱਧੇ ਰਾਹ ਪੈ ਜਾਂਦੇ ਹਨ। ਗ਼ਲਤੀ ਕਰਕੇ ਤੇ ਨਸ਼ੇ ਕਰਕੇ ਜਦ ਅੱਧੀ ਉਮਰ ਚਲੀ ਗਈ ਤਾਂ ਬਾਕੀ ਸਿਰਫ਼ ਪਛਤਾਵਾ ਰਹਿ ਜਾਂਦਾ ਹੈ।

ਲੰਬੀਆਂ ਉਮਰਾਂ ਭੋਗਣ ਵਾਲੇ ਇਨਸਾਨ ਬਚਪਨ ਤੋਂ ਹੀ ਸਾਧੂ ਬਿਰਤੀ ਦੇ ਹੁੰਦੇ ਹਨ। ਉਹ ਬਚਪਨ ਤੋਂ ਹੀ ਗ਼ਰੀਬੀ ਵਿਚ ਪਲ ਕੇ ਉੱਚੀਆਂ ਪੜ੍ਹਾਈਆਂ ਕਰਕੇ ਮੰਜ਼ਿਲਾਂ ਵੀ ਹਾਸਲ ਕਰ ਲੈਂਦੇ ਹਨ। ਅਜਿਹੇ ਹੀ ਇਨਸਾਨ ਆਪਣੀ ਬੀਤੀ ਜ਼ਿੰਦਗੀ ’ਤੇ ਫ਼ਖ਼ਰ ਵੀ ਕਰਦੇ ਹਨ, ਉਨ੍ਹਾਂ ਨੇ ਗ਼ਰੀਬੀ ਤੋਂ ਉੱਠ ਕੇ ਆਪਣੀ ਜ਼ਿੰਦਗੀ ਆਪ ਬਣਾਈ ਤੇ ਉਸਾਰੀ ਹੈ। ਮਾਂ-ਬਾਪ ਦੀ ਇੱਜ਼ਤ ਕਰਕੇ ਨਾਮਣਾ ਖੱਟਿਆ ਹੈ। ਬਿਰਧ ਮਾਵਾਂ ਦੀਆਂ ਅਸੀਸਾਂ ਲਈਆਂ ਹਨ। ਸਿਆਣੇ ਕਹਿੰਦੇ ਹਨ ਕਿ ਬਿਰਧ ਮਾਂ ਤਾਂ ਰੱਬ ਦੇ ਸਮਾਨ ਹੁੰਦੀ ਹੈ। ਬਿਰਧ ਮਾਂ ਦੇ ਚਰਨਾਂ ਦੀ ਧੂੜ ਮੱਥੇ ਨੂੰ ਲਾਵੋ ਤੇ ਉਸ ਤੋਂ ਸਦਾ ਅਸੀਸਾਂ ਲਵੋ। ਕਿਸੇ ਵੀ ਚੀਜ਼ ਦਾ ਵਧੇਰੇ ਲਾਲਚ ਨਾ ਕਰੋ। ਜਿਸ ਤਰ੍ਹਾਂ ਪੰਛੀ, ਪਰਿੰਦੇ ਹਰੇ-ਕਚੂਰ ਰੁੱਖਾਂ ਦੀਆਂ ਠੰਢੀਆਂ ਛਾਵਾਂ ਮਾਣਦੇ ਹਨ ਤੇ ਕੁਦਰਤ ਵਿੱਚ ਰੰਗ ਭਰਦੇ ਹਨ। ਇਸੇ ਤਰ੍ਹਾਂ ਤੁਸੀਂ ਵੀ ਇਸ ਜ਼ਿੰਦਗੀ ਦੇ ਰੰਗ-ਮੰਚ ’ਤੇ ਰੰਗ ਭਰੋ ਤੇ ਖ਼ੁਸ਼ੀਆਂ ਨਾਲ ਜ਼ਿੰਦਗੀ ਗੁਜ਼ਾਰੋ। ਮਿਹਨਤਾਂ, ਮੁਸ਼ੱਕਤਾਂ ਕਰਕੇ ਜ਼ਿੰਦਗੀ ਦਾ ਮਹਿਲ ਉਸਾਰੋ। ਨੌਕਰੀ-ਪੇਸ਼ਾ ਹੋ ਤਾਂ ਤਨਦੇਹੀ ਨਾਲ ਨੌਕਰੀ ਕਰੋ ਤੇ ਧਨ ਕਮਾਓ। ਆਪਣੇ ਹੱਥਾਂ ਦੀ ਨੇਕ ਕਮਾਈ ਤੁਹਾਨੂੰ ਕਿਸੇ ਵੀ ਗ਼ਲਤ ਰਾਹ ’ਤੇ ਨਹੀਂ ਪੈਣ ਦੇਵੇਗੀ। ਆਪਣੀ ਕਮਾਈ ’ਤੇ ਹਰ ਕੋਈ ਫ਼ਖ਼ਰ ਕਰ ਸਕਦਾ ਹੈ, ਪਰ ਬਿਗਾਨਾ ਧਨ ਜਾਂ ਚੋਰੀ ਕੀਤੀ ਧਨ-ਰਾਸ਼ੀ ਤੁਹਾਡਾ ਕੁਝ ਸੰਵਾਰਨ ਦੀ ਥਾਂ ਤੁਹਾਡਾ ਨੁਕਸਾਨ ਵਧੇਰੇ ਕਰੇਗੀ।

ਰੱਬ ਨੇ ਵੱਖ-ਵੱਖ ਰੁੱਤਾਂ ਇਸੇ ਲਈ ਬਣਾਈਆਂ ਹਨ ਕਿ ਅਸੀਂ ਇਨ੍ਹਾਂ ਦੇ ਰੰਗ ਮਾਣਦੇ ਰਹੀਏ ਤੇ ਰੁੱਤਾਂ ਦੇ ਰੰਗ ਆਪਣੀ ਜ਼ਿੰਦਗੀ ਵਿੱਚ ਭਰੀਏ ਤੇ ਤੰਦਰੁਸਤੀ ਸਾਡੇ ਅੰਗ-ਸੰਗ ਰਹੇ। ਹਰ ਇੱਕ ਚੀਜ਼ ਤੇ ਹਰ ਇੱਕ ਪ੍ਰਾਣੀ ਤੇ ਇਨਸਾਨ ਨੇ ਆਪਣੀ ਪੂਰੀ ਉਮਰ ਭੋਗ ਕੇ ਇੱਕ ਦਿਨ ਅੱਖਾਂ ਮੀਚ ਲੈਣੀਆਂ ਹਨ। ਇਸ ਸੰਸਾਰ ਮੇਲੇ ਨੂੰ ਅਲਵਿਦਾ ਕਹਿ ਜਾਣਾ ਹੈ। ਸਦਾ ਲਈ ਕੋਈ ਨਹੀਂ ਜੀਅ ਸਕਿਆ। ਹਰ ਪ੍ਰਾਣੀ ਦਾ ਸਮਾਂ ਨਿਸ਼ਚਿਤ ਹੈ। ਆਪਣੀ ਜ਼ਿੰਦਗੀ ਦੌਰਾਨ ਕੋਈ ਬੇਇਮਾਨੀ, ਨਮੋਸ਼ੀ ਜਾਂ ਲਾਹਨਤ ਨਾ ਖੱਟੋ। ਸਦਾ ਟਹਿਕਦੇ ਫੁੱਲਾਂ ਵਾਂਗ ਜੀਵਨ ਗੁਜ਼ਾਰੋ। ਜ਼ਿੰਦਗੀ ਦੇ ਰਾਹ ਚੱਲਦੇ ਜਾਓ! ਪਰ ਜੇਕਰ ਰਾਹ ਛੱਡ ਕੇ ਕੁਰਾਹੇ ਚੱਲਣ ਦਾ ਯਤਨ ਕਰੋਗੇ ਤਾਂ ਤੁਹਾਡੀ ਜ਼ਿੰਦਗੀ ਦੀ ਡੋਰ ਤੁਹਾਡੇ ਹੱਥ ਨਹੀਂ ਰਹੇਗੀ। ਜੇ ਤੁਸੀਂ ਕੋਈ ਗੁਨਾਹ ਕਰਦੇ ਹੋ ਤਾਂ ਇਸ ਗੁਨਾਹ ਦੀ ਸਜ਼ਾ ਵੀ ਤੁਹਾਨੂੰ ਭੁਗਤਣੀ ਹੀ ਪਏਗੀ। ਜ਼ਿੰਦਗੀ ਇਸ ਤਰ੍ਹਾਂ ਗੁਜ਼ਾਰੋ ਕਿ ਮਰਨ ਵੇਲੇ ਵੀ ਤੁਹਾਨੂੰ ਕੋਈ ਪਛਤਾਵਾ ਨਾ ਹੋਵੇ। ਤੁਸੀਂ ਜ਼ਿੰਦਗੀ ਦੀਆਂ 70 ਜਾਂ 80 ਬਹਾਰਾਂ ਮਾਣ ਕੇ ਆਰਾਮ ਨਾਲ ਮੌਤ ਰਾਣੀ ਦੀ ਗੋਦ ਵਿੱਚ ਸੌਂ ਜਾਵੋ। ਮੌਤ ਨੇ ਇੱਕ ਨਾ ਇੱਕ ਦਿਨ ਤਾਂ ਆਉਣਾ ਹੀ ਹੈ। ਕਈ ਵਾਰ ਇਹ ਅਚਾਨਕ ਆ ਕੇ ਇਨਸਾਨ ਦੀ ਸੰਘੀ ਨੱਪ ਦਿੰਦੀ ਹੈ ਤੇ ਕਈ ਵਾਰ ਇਨਸਾਨ ਆਪਣੇ ਕਰਮਾਂ ਦੇ ਫ਼ਲ ਭੋਗ ਕੇ ਮੌਤ ਦੀ ਗੋਦ ਵਿੱਚ ਸਮਾ ਜਾਂਦਾ ਹੈ।

# ਗੁੜ ਖਾ ਲੈ ਬਚਨੀਏ ਤੱਤਾ . . .




ਸਿਆਲ ਚੜ੍ਹਦੇ ਸਾਰ ਹੀ ਖਾਣ-ਪੀਣ ਦੀਆਂ ਵਸਤਾਂ ਵਿੱਚ ਤਬਦੀਲੀ ਆ ਜਾਂਦੀ ਹੈ। ਗਰਮੀ ਦੇ ਮੌਸਮ ਵਿੱਚ ਜਿੱਥੇ ਠੰਢੀਆਂ ਚੀਜ਼ਾਂ ਖਾਣ-ਪੀਣ ਲਈ ਵਰਤੀਆਂ ਜਾਂਦੀਆਂ ਹਨ, ਉੱਥੇ ਹੀ ਸਰਦੀਆਂ ਵਿੱਚ ਗਰਮ ਤਕਸੀਰ ਵਾਲੇ ਖਾਧ ਪਦਾਰਥ ਵਰਤੇ ਜਾਂਦੇ ਹਨ।

ਪੰਜਾਬੀ ਸ਼ੁਰੂ ਤੋਂ ਹੀ ਖਾਣ ਪੀਣ ਪੱਖੋਂ ਖੁੱਲ੍ਹੇ ਤੇ ਸ਼ੌਕੀਨ ਰਹੇ ਹਨ। ਪੰਜਾਬੀਆਂ ਦਾ ਖਾਣ-ਪੀਣ ਜਿੱਥੇ ਸਿਹਤ ਪੱਖੋਂ ਤੰਦਰੁਸਤੀ ਦੇਣ ਵਾਲਾ ਹੁੰਦਾ ਹੈ, ਉੱਥੇ ਹੀ ਸਵਾਦ ਪੱਖੋਂ ਵੀ ਵੰਨ-ਸੁਵੰਨਤਾ ਮਿਲਦੀ ਹੈ। ਸਿਆਲ ਵਿੱਚ ਜਿੱਥੇ ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ ਪੰਜਾਬੀਆਂ ਦਾ ਮਨ ਭਾਉਂਦਾ ਭੋਜਨ ਹੈ ਤਾਂ ਗੱਚਕ ਅਤੇ ਰਿਓੜੀਆਂ, ਮੂੰਗਫਲੀਆਂ, ਗੁੜ ਆਦਿ ਬੜੇ ਸ਼ੌਕ ਨਾਲ ਖਾਏ ਜਾਂਦੇ ਹਨ। ਇਨ੍ਹਾਂ ਵਿੱਚ ਗੁੜ ਅਜਿਹਾ ਹੈ ਜੋ ਪੰਜਾਬੀ ਲੋਕ ਕਈ ਤਰ੍ਹਾਂ ਨਾਲ ਖਾਣ-ਪੀਣ ਲਈ ਵਰਤਦੇ ਹਨ। ਗੁੜ ਨੂੰ ਵਿਸ਼ੇਸ਼ ਕਰਕੇ ਸਿਆਲ ਵਿੱਚ ਖਾਣ ਲਈ ਵਧੇਰੇ ਵਰਤਿਆ ਜਾਂਦਾ ਹੈ। ਇਹ ਸਦੀਆਂ ਤੋਂ ਪੰਜਾਬੀ ਲੋਕਾਂ ਦੀ ਖੁਰਾਕ ਵਿੱਚ ਸ਼ਾਮਲ ਰਿਹਾ ਹੈ। ਮੱਧਕਾਲੀ ਪੰਜਾਬੀ ਕਾਵਿ ਵਿੱਚ ਵੀ ਗੁੜ ਦੇ ਕਾਫ਼ੀ ਹਵਾਲੇ ਮਿਲਦੇ ਹਨ:

ਵਾਰਿਸ ਸ਼ਾਹ ਲੁਕਾਈਏ ਜੱਗ ਕੋਲੋਂ,
ਭਾਵੇਂ ਆਪਣਾ ਹੀ ਗੁੜ ਖਾਈਏ ਜੀ।

ਸਿਆਲ ਦੀ ਆਮਦ ਨਾਲ ਪੰਜਾਬ ਵਿੱਚ ਗੁੜ ਬਣਾਉਣ ਲਈ ਲਾਈਆਂ ਗਈਆਂ ਘੁਲਾੜੀਆਂ ਚੱਲਦੀਆਂ ਦਿਖਾਈ ਦਿੰਦੀਆਂ ਹਨ। ਭਾਵੇਂ ਸਮੇਂ ਅਨੁਸਾਰ ਇਨ੍ਹਾਂ ਵਿੱਚ ਪਰਿਵਰਤਨ ਜ਼ਰੂਰ ਆਇਆ ਹੈ। ਅੱਜਕੱਲ੍ਹ ਇਹ ਘੁਲਾੜੀਆਂ ਇੰਜਣਾਂ, ਟਰੈਕਟਰਾਂ ਆਦਿ ਨਾਲ ਚਲਾਈਆਂ ਜਾਂਦੀਆਂ ਹਨ। ਇੱਕ ਸਮਾਂ ਸੀ ਜਦੋਂ ਪਿੰਡਾਂ ਵਿੱਚ ਬਲਦਾਂ ਤੇ ਬੋਤਿਆਂ ਨਾਲ ਘੁਲਾੜੀਆਂ ਚਲਾ ਕੇ ਗੁੜ ਤਿਆਰ ਕੀਤਾ ਜਾਂਦਾ ਸੀ ਤੇ ਘੁਲਾੜੀਆਂ ’ਤੇ ਬੜੀ ਰੌਣਕ ਲੱਗਦੀ ਸੀ। ਆਉਂਦੇ ਜਾਂਦੇ ਨੂੰ ਗੁੜ ਖਾਣ ਲਈ ਸੁਲ੍ਹਾ ਮਾਰ ਲਈ ਜਾਂਦੀ ਸੀ। ਉਹ ਗਰਮ-ਗਰਮ ਗੁੜ ਦਾ ਸੁਆਦ ਚਖਦੇ ਸਨ।

ਗੁੜ ਖਾ ਲੈ ਬਚਨੀਏ ਤੱਤਾ
ਮੀਂਹੇ ਦੀ ਘਲਾੜੀ ਚੱਲਦੀ।

ਮੁੰਡਾ ਜੰਮੇ ’ਤੇ ਗੁੜ ਦੀ ਭੇਲੀ ਭੇਜਣ ਦਾ ਰਿਵਾਜ ਅੱਜ ਵੀ ਕਾਇਮ ਹੈ।

ਧੀ ਜੰਮੀ ਤੋਂ ਮੱਥੇ ਵੱਟ ਪਾਇਆ,
ਪੁੱਤ ਜੰਮੇ ਗੁੜ ਵੰਡਦੇ।

ਗੁੜ ਦਾ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਸਥਾਨ ਹੈ। ਹਰ ਸ਼ਗਨ ਮੌਕੇ ਗੁੜ ਮੌਜੂਦ ਹੁੰਦਾ ਹੈ। ਨਵੇਂ ਜੰਮੇ ਬੱਚੇ ਨੂੰ ਜਿਹੜੀ ਵਸਤੂ ਸਭ ਤੋਂ ਪਹਿਲਾਂ ਮੂੰਹ ਲਾਈ ਜਾਂਦੀ ਹੈ ਉਹ ਗੁੜ ਨਾਲ ਤਿਆਰ ਕੀਤੀ ਹੁੰਦੀ ਹੈ। ਇਸੇ ਕਰਕੇ ਇਸ ਨੂੰ ਗੁੜਤੀ ਕਿਹਾ ਜਾਂਦਾ ਹੈ। ਪੰਜਾਬ ਵਿੱਚ ਜਿੱਥੇ ਗੁੜ ਤਿੱਥਾਂ, ਤਿਓਹਾਰਾਂ, ਖੁਸ਼ੀਆਂ, ਸ਼ਗਨਾਂ ਮੌਕੇ ਮੂੰਹ ਮਿੱਠਾ ਕਰਾਉਣ ਲਈ ਵਰਤਿਆ ਜਾਂਦਾ ਹੈ, ਉੱਥੇ ਰੋਟੀ ਤੋਂ ਉਪਰੰਤ ਗੁੜ ਖਾਇਆ ਜਾਂਦਾ ਹੈ। ਕਿਸੇ ਖ਼ਾਸ ਮੌਸਮ ਜਿਵੇਂ ਸਿਆਲ ਜਾਂ ਚੁਮਾਸੇ ਵਿੱਚ ਮੀਂਹ ਪੈਣ ਵੇਲੇ ਗੁੜ ਦੇ ਗੁਲਗਲੇ ਬਣਾਏ ਜਾਂਦੇ ਹਨ।

ਗੁੜ ਪਾ ਕੇ ਗੁਲਗਲੇ ਕੀਤੇ
ਭੜੋਲੇ ਵਿੱਚੋਂ ਭੇਲੀ ਭੰਨ ਲਈ।

ਗੁੜ ਦੀ ਚਾਹ ਅਤੇ ਗੁੜ ਜਾਂ ਸ਼ੱਕਰ ਵਾਲਾ ਦੁੱਧ ਅੱਜ ਵੀ ਲੋਕ ਬੜੇ ਚਾਅ ਨਾਲ ਪੀਂਦੇ ਹਨ। ਗਰਮੀਆਂ ਵਿੱਚ ਵਾਢੀ ਆਦਿ ਸਮੇਂ ਸ਼ੱਕਰ ਵਿੱਚ ਦੇਸੀ ਘਿਓ ਰਲਾ ਕੇ ਖਾਇਆ ਜਾਂਦਾ ਸੀ। ਇਹ ਤਾਕਤਵਾਰ ਹੋਣ ਦੇ ਨਾਲ-ਨਾਲ ਸੰਘ ਅਤੇ ਆਂਦਰਾਂ ਦੀ ਸਫ਼ਾਈ ਵੀ ਕਰਦਾ ਸੀ। ਇਸ ਤੋਂ ਇਲਾਵਾ ਗੁੜ ਅਤੇ ਸ਼ੱਕਰ ਦਾ ਸ਼ਰਬਤ ਤਿਆਰ ਕਰਕੇ ਆਏ ਗਏ ਨੂੰ ਦਿੱਤਾ ਜਾਂਦਾ ਸੀ। ਇਹ ਸਭ ਕੁੱਝ ਤਾਂ ਭਾਵੇਂ ਹੁਣ ਪਿੰਡਾਂ ਵਿੱਚ ਵੀ ਬਹੁਤ ਘਟ ਰਹਿ ਗਿਆ ਹੈ, ਪਰ ਸਿਆਲ ਵਿੱਚ ਗੁੜ ਤੋਂ ਬਣੀ ਗੱਚਕ ਤੇ ਰਿਓੜੀਆਂ ਆਦਿ ਨੂੰ ਹੁਣ ਵੀ ਸ਼ੌਕ ਨਾਲ ਖਾਇਆ ਜਾਂਦਾ ਹੈ। ਗੁੜ ਖਾਣ ਦੇ ਅਨੇਕਾਂ ਲਾਭ ਹਨ। ਇਸ ਵਿੱਚ ਆਇਰਨ, ਫਾਸਫੋਰਸ, ਕੈਲਸ਼ੀਅਮ ਆਦਿ ਵਰਗੇ ਤੱਤ ਭਰਭੂਰ ਮਾਤਰਾ ਵਿਚ ਹੁੰਦੇ ਹਨ ਜੋ ਸਾਡੇ ਸਰੀਰ ਵਿਚ ਖ਼ੂਨ ਦੀ ਕਮੀ ਨੂੰ ਦੂਰ ਕਰਦੇ ਹਨ ਅਤੇ ਹੱਡੀਆਂ ਨੂੰ ਮਜ਼ਬੂਤ ਕਰਦੇ ਹਨ। ਰੋਟੀ ਉਪਰੰਤ ਗੁੜ ਖਾਣ ਨਾਲ ਹਾਜ਼ਮਾ ਦਰੁਸਤ ਰਹਿੰਦਾ ਹੈ, ਕਬਜ਼ ਆਦਿ ਦੀ ਸਮੱਸਿਆ ਨਹੀਂ ਰਹਿੰਦੀ। ਗੁੜ ਖਾਣ ਨਾਲ ਜਿੱਥੇ ਸਰੀਰਿਕ ਕਮਜ਼ੋਰੀ ਦੂਰ ਹੁੰਦੀ ਹੈ, ਉੱਥੇ ਹੀ ਚਿਹਰੇ ’ਤੇ ਰੌਣਕ ਆਉਂਦੀ ਹੈ। ਗੁੜ ਅਤੇ ਚਨੇ ਦਾ ਇਕੱਠਾ ਸੇਵਨ ਸਿਹਤ ਲਈ ਬੜਾ ਲਾਭਦਾਇਕ ਹੈ। ਅੱਜ ਭਾਵੇਂ ਬਲਦ, ਬੋਤੇ, ਬੋਤੀਆਂ ਨਾਲ ਚੱਲਣ ਵਾਲੀਆਂ ਘੁਲਾੜੀਆਂ ਤਾਂ ਨਹੀਂ ਰਹੀਆਂ ਅਤੇ ਨਾ ਹੀ ਘੁਲਾੜੀਆਂ ’ਤੇ ਉਹ ਪਹਿਲਾਂ ਵਰਗੀਆਂ ਰੌਣਕਾਂ ਹੀ ਹਨ। ਗੁੜ ਤੇ ਸ਼ੱਕਰ ਦੀ ਹਰਮਨਪਿਆਰਤਾ ਨੂੰ ਦੇਖਦੇ ਹੋਏ ਹੀ ਅੱਜ ਸਮੁੱਚੇ ਪੰਜਾਬ ਵਿੱਚ ਘੁਲਾੜੀਆਂ ਖੇਤਾਂ ਤੋਂ ਨਿੱਕਲ ਕੇ ਸੜਕਾਂ ਕਿਨਾਰੇ ਪਹੁੰਚ ਗਈਆਂ ਹਨ ਜਿੱਥੇ ਪੰਜਾਬੀ ਕਿਸਾਨਾਂ ਦੀ ਥਾਂ ਪਰਵਾਸੀ ਮਜ਼ਦੂਰ ਗੁੜ ਬਣਾਉਂਦੇ ਨਜ਼ਰ ਆਉਂਦੇ ਹਨ। ਇੱਥੇ ਤਿਆਰ ਕੀਤਾ ਜਾਣ ਵਾਲਾ ਗੁੜ ਦੇਸੀ ਗੁੜ ਦਾ ਮੁਕਾਬਲਾ ਨਹੀਂ ਕਰਦਾ, ਇੱਥੇ ਜ਼ਿਆਦਾਤਰ ਕੈਮੀਕਲ ਪਾ ਕੇ ਜਲਦਬਾਜ਼ੀ ਵਿੱਚ ਅਜਿਹਾ ਗੁੜ ਤਿਆਰ ਹੋ ਰਿਹਾ ਹੈ ਜਿਸ ਦੀ ਨਾ ਉਹ ਮਿਠਾਸ ਹੈ ਅਤੇ ਨਾ ਹੀ ਗੁਣ। ਗੁਣ ਦੀ ਅਸਲ ਮਿਠਾਸ ਤੇ ਗੁਣਾਂ ਨੂੰ ਕਾਇਮ ਰੱਖਣ ਲਈ ਅਜਿਹਾ ਗੁੜ ਬਣਾਉਣ ਵਾਲਿਆਂ ’ਤੇ ਠੱਲ੍ਹ ਪਾਉਣੀ ਚਾਹੀਦੀ ਹੈ।

✿ ਲਖਬੀਰ ਸਿੰਘ ਦੌਦਪੁਰ



# ਰਣਬੀਰ-ਆਲੀਆ ਦੇ ਵਿਆਹ 'ਤੇ ਮਾਂ ਸੋਨੀ ਰਾਜ਼ਦਾਨ ਨੇ ਆਖੀ ਇਹ ਗੱਲ, ਵਧੀ ਲੋਕਾਂ 'ਚ ਉਤਸੁਕਤਾ

ਖ਼ਬਰ ਹੈ ਕਿ ਬਾਲੀਵੁੱਡ ਦੀ ਸਭ ਤੋਂ ਪਿਆਰੀ ਜੋੜੀ ਰਣਬੀਰ ਕਪੂਰ ਤੇ ਆਲੀਆ ਭੱਟ ਵਿਆਹ ਦੇ ਬੰਧਨ @ਚ ਬੱਝਣ ਜਾ ਰਹੇ ਹਨ। ਅਸੀਂ ਪਹਿਲਾਂ ਹੀ ਕਈ ਵਾਰ ਦੋਵਾਂ ਦੀ ਬਾਊਂਡਿੰਗ ਵੇਖ ਚੁੱਕੇ ਹਾਂ ਅਤੇ ਹੁਣ ਦੋਵਾਂ ਦੇ ਫੈਨਜ਼ ਨੂੰ ਇਨ੍ਹਾਂ ਦੇ ਵਿਆਹ ਦਾ ਬੇਸਬਰੀ ਨਾਲ ਇੰਤਜ਼ਾਰ ਹੈ। ਇਸ ਸਭ ਦੌਰਾਨ ਇੱਕ ਵਾਰ ਫਿਰ ਤੋਂ ਮੀਡੀਆ @ਤੇ ਖ਼ਬਰਾਂ ਆ ਰਹੀਆਂ ਹਨ ਕਿ ਰਣਬੀਰ ਕਪੂਰ ਤੇ ਆਲੀਆ ਭੱਟ ਦਸੰਬਰ @ਚ ਵਿਆਹ ਕਰਨ ਜਾ ਰਹੇ ਹਨ, ਜਿਸ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਦੋਵਾਂ ਨੇ ਆਪਣੀਆਂ-ਆਪਣੀਆਂ ਫ਼ਿਲਮਾਂ ਦੀਆਂ ਤਰੀਕਾਂ ਵੀ ਬਦਲ ਦਿੱਤੀਆਂ ਹਨ। ਉੱਥੇ ਹੀ ਇਸ ਖ਼ਬਰ ਦੇ ਆਉਣ ਤੋਂ ਬਾਅਦ ਹੁਣ ਆਲੀਆ ਭੱਟ ਦੀ ਮਾਂ ਸੋਨੀ ਰਾਜ਼ਦਾਨ ਨੇ ਇਸ ਬਾਰੇ ਇੱਕ ਨਵਾਂ ਅਪਡੇਟ ਦਿੱਤਾ ਹੈ।

ਜਾਣੋ ਦੋਵਾਂ ਦੇ ਵਿਆਹ @ਤੇ ਕੀ ਕਿਹਾ ਸੋਨੀ ਰਾਜ਼ਦਾਨ ਨੇ ?

ਦਸੰਬਰ @ਚ ਰਣਬੀਰ ਕਪੂਰ ਅਤੇ ਆਲੀਆ ਭੱਟ ਦੇ ਵਿਆਹ ਦੀਆਂ ਖਬਰਾਂ ਤੋਂ ਬਾਅਦ ਸੋਨੀ ਰਾਜ਼ਦਾਨ ਦੀ ਪ੍ਰਤੀਕਿਰਿਆ ਸਾਹਮਣੇ ਆਈ ਹੈ। ਇੱਕ ਇੰਟਰਵਿਊ @ਚ ਉਸ ਨੇ ਦੱਸਿਆ ਕਿ ਉਸ ਨੂੰ ਨਹੀਂ ਪਤਾ ਕਿ ਵਿਆਹ ਕਦੋਂ ਹੋਣ ਵਾਲਾ ਹੈ ਅਤੇ ਉਹ ਇਸ ਬਾਰੇ ਜਾਣਨ ਲਈ ਬਹੁਤ ਉਤਸੁਕ ਵੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਲਈ ਅਜੇ ਕਾਫ਼ੀ ਸਮਾਂ ਹੈ। ਇਹ ਭਵਿੱਖ @ਚ ਵਾਪਰਨਾ ਹੈ ਪਰ ਉਸ ਨੂੰ ਨਹੀਂ ਪਤਾ ਕਿ ਕਦੋਂ।

ਦੋਵੇਂ ਤਿੰਨ ਸਾਲਾਂ ਤੋਂ ਰਿਲੇਸ਼ਨਸ਼ਿਪ @ਚ - ਦੱਸ ਦੇਈਏ ਕਿ ਰਣਬੀਰ ਅਤੇ ਆਲੀਆ ਪਿਛਲੇ 3 ਸਾਲਾਂ ਤੋਂ ਇੱਕ ਦੂਜੇ ਨੂੰ ਡੇਟ ਕਰ ਰਹੇ ਹਨ। ਹਾਲ ਹੀ @ਚ ਰਣਬੀਰ ਕਪੂਰ ਦੇ ਜਨਮਦਿਨ ਦੇ ਮੌਕੇ @ਤੇ ਉਨ੍ਹਾਂ ਨੇ ਆਪਣੇ ਪਿਆਰ ਦਾ ਅਧਿਕਾਰਕ ਐਲਾਨ ਵੀ ਕੀਤਾ ਸੀ। ਆਲੀਆ ਨੇ ਰਣਬੀਰ ਨਾਲ ਸੂਰਜ ਡੁੱਬਣ ਦੀ ਇੱਕ ਖੂਬਸੂਰਤ ਤਸਵੀਰ ਸ਼ੇਅਰ ਕੀਤੀ ਹੈ, ਜਿਸ @ਚ ਦੋਵੇਂ ਇੱਕ ਟਿੱਲੇ @ਤੇ ਆਰਾਮ ਕਰਦੇ ਨਜ਼ਰ ਆਏ।

ਕਾਫੀ ਸਮੇਂ ਤੋਂ ਖ਼ਬਰਾਂ ਆ ਰਹੀਆਂ ਸੀ ਕਿ ਦੋਵੇਂ ਇਸ ਸਾਲ ਵਿਆਹ ਦੇ ਬੰਧਨ @ਚ ਬੱਝ ਜਾਣਗੇ ਪਰ ਅਜਿਹਾ ਕਦੋਂ ਹੋਵੇਗਾ, ਇਸ ਬਾਰੇ ਸਿਰਫ਼ ਕਿਆਸ ਲਾਏ ਜਾ ਰਹੇ ਹਨ। ਹੁਣ ਜੇਕਰ ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਦੋਵਾਂ ਦੇ ਵਿਆਹ ਦੀ ਤਰੀਕ ਦਸੰਬਰ @ਚ ਤੈਅ ਹੋ ਚੁੱਕੀ ਹੈ ਅਤੇ ਜਲਦ ਹੀ ਕਪੂਰ ਪਰਿਵਾਰ ਵੱਲੋਂ ਇਸ ਦਾ ਐਲਾਨ ਵੀ ਕੀਤਾ ਜਾਵੇਗਾ। ਵਿਆਹ ਦੀ ਖ਼ਾਤਰ ਰਣਬੀਰ ਨੇ ਆਪਣੀ ਫ਼ਿਲਮ ਦੀ ਸ਼ੂਟਿੰਗ ਦਾ ਸ਼ੈਡਿਊਲ ਵੀ ਸ਼ਿਫਟ ਕਰ ਲਿਆ ਹੈ।



# ਹਿਮਾਂਸ਼ੀ ਖੁਰਾਣਾ ਨੇ ਵਿਆਹ ਨੂੰ ਲੈ ਕੇ ਕੀਤਾ ਵੱਡਾ ਖੁਲਾਸਾ, ਇੰਡਸਟਰੀ 'ਚ ਛਿੜੀ ਚਰਚਾ

ਪੰਜਾਬੀ ਗਾਇਕਾ ਤੇ ਅਦਾਕਾਰਾ ਹਿਮਾਂਸ਼ੀ ਖੁਰਾਣਾ ਨੇ ਹਾਲ ਹੀ ਵਿਚ ਇੱਕ ਇੰਟਰਵਿਊ ਵਿਚ ਆਪਣੇ ਭਵਿੱਖ ਦੇ ਪ੍ਰਾਜੈਕਟਾਂ ਨੂੰ ਲੈ ਕੇ ਗੱਲਬਾਤ ਕੀਤੀ ਹੈ। ਇਸ ਇੰਟਰਵਿਊ ਵਿਚ ਹਿਮਾਂਸ਼ੀ ਖੁਰਾਣਾ ਨੇ ਆਪਣੇ ਵਿਆਹ ਨੂੰ ਲੈ ਕੇ ਵੀ ਕਈ ਖੁਲਾਸੇ ਕੀਤੇ।

ਦੱਸ ਦਈਏ ਕਿ ਹਿਮਾਂਸ਼ੀ ਖੁਰਾਣਾ ਦਾ ਆਸਿਮ ਰਿਆਜ਼ ਨਾਲ ਹਾਲ ਹੀ ਵਿਚ ਇਕ ਨਵਾਂ ਗੀਤ ਰਿਲੀਜ਼ ਹੋਇਆ ਹੈ। ਇਸ ਗੀਤ ਵਿਚ ਦੋਹਾਂ ਦੀ ਜੋੜੀ ਨੂੰ ਕਾਫ਼ੀ ਪਸੰਦ ਕੀਤਾ ਗਿਆ ਹੈ। ਇਸ ਇੰਟਰਵਿਊ ਵਿਚ ਹਿਮਾਂਸ਼ੀ ਖੁਰਾਣਾ ਨੇ ਆਸਿਮ ਰਿਆਜ਼ ਨੂੰ ਲੈ ਕੇ ਵੀ ਕਈ ਖੁਲਾਸੇ ਕੀਤੇ। ਉਨ੍ਹਾਂ ਨੇ ਦੱਸਿਆ ਕਿ ਆਸਿਮ ਰਿਆਜ਼ ਬਹੁਤ ਹੀ ਸ਼ਰਾਰਤੀ ਹੈ। ਆਸਿਮ ਰਿਆਜ਼ ਹਮੇਸ਼ਾ ਉਸ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਉਹ ਭਾਵੇਂ ਕੰਮ @ਤੇ ਹੋਏ ਜਾਂ ਖਾਲੀ ਸਮੇਂ ਵਿਚ ਹੋਵੇ। ਹਿਮਾਂਸ਼ੀ ਖੁਰਾਣਾ ਨੇ ਦੱਸਿਆ ਕਿ ਜਦੋਂ ਆਸਿਮ ਰਿਆਜ਼ ਉਸ ਨਾਲ ਸ਼ੂਟਿੰਗ @ਤੇ ਹੁੰਦਾ ਹੈ ਤਾਂ ਉਸ ਦੀਆਂ ਅੱਧੀਆਂ ਸਮੱਸਿਆਵਾਂ ਘੱਟ ਹੋ ਜਾਂਦੀਆਂ ਹਨ। ਇਸ ਇੰਟਰਵਿਊ ਵਿਚ ਜਦੋਂ ਹਿਮਾਂਸ਼ੀ ਨੂੰ ਉਸ ਦੇ ਭਵਿੱਖ ਦੀਆਂ ਯੋਜਨਾਵਾਂ ਅਤੇ ਵਿਆਹ ਕਰਵਾਉਣ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਕਿਹਾ @@ਮੈਂ ਇੰਡਸਟਰੀ ਵਿਚ ਸਾਲਾਂ ਤੋਂ ਕੰਮ ਕਰ ਰਹੀ ਹਾਂ ਪਰ ਆਸਿਮ ਰਿਆਜ਼ ਲਈ ਇਹ ਸਭ ਕੁਝ ਨਵਾਂ ਹੈ ਕਿਉਂਕਿ ਉਸ ਦਾ ਕਰੀਅਰ ਹੁਣੇ ਸ਼ੁਰੂ ਹੋਇਆ ਹੈ।

# ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਈ ਅਦਾਕਾਰਾ ਭੂਮੀ ਪੇਡਨੇਕਰ

ਅਦਾਕਾਰਾ ਭੂਮੀ ਪੇਡਨੇਕਰ ਨੂੰ ਬੀਤੇ ਦਿਨ ਮੁੰਬਈ ਏਅਰਪੋਰਟ @ਤੇ ਸਪਾਟ ਕੀਤਾ ਗਿਆ ਸੀ। ਹਾਲਾਂਕਿ ਇਸ ਗੱਲ ਦਾ ਪਤਾ ਨਹੀਂ ਸੀ ਲੱਗ ਸਕਿਆ ਕਿ ਉਹ ਕਿੱਥੇ ਜਾ ਰਹੇ ਹਨ, ਜਿਸ ਤੋਂ ਬਾਅਦ ਅਦਾਕਾਰਾ ਨੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ। ਇਸ ਤੋਂ ਬਾਅਦ ਖੁਲਾਸਾ ਹੋਇਆ ਕਿ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਗਈ ਹੈ, ਜਿਸ ਦੀਆਂ ਕੁਝ ਤਸਵੀਰਾਂ ਉਸ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ @ਤੇ ਸਾਂਝੀਆਂ ਕੀਤੀਆਂ ਹਨ।

ਇਨ੍ਹਾਂ ਤਸਵੀਰਾਂ @ਚ ਤੁਸੀਂ ਵੇਖ ਸਕਦੇ ਹੋ ਕਿ ਭੂਮੀ ਪੇਡਨੇਕਰ ਹਰਿਮੰਦਰ ਸਾਹਿਬ @ਚ ਨਜ਼ਰ ਆ ਰਹੀ ਹੈ। ਉਹ ਗੁਰੂ ਘਰ @ਚ ਆਸ਼ੀਰਵਾਦ ਲੈਣ ਪਹੁੰਚੀ ਸੀ। ਇਸ ਮੌਕੇ ਉਸ ਨਾਲ ਕੁਝ ਦੋਸਤ ਵੀ ਨਜ਼ਰ ਆ ਰਹੇ ਹਨ। ਕੁਝ ਤਸਵੀਰਾਂ ਨੂੰ ਉਸ ਨੇ ਆਪਣੀ ਇੰਸਟਾਗ੍ਰਾਮ ਸਟੋਰੀ @ਚ ਵੀ ਸਾਂਝਾ ਕੀਤਾ ਹੈ।

ਅਦਾਕਾਰਾ ਨੇ ਇੰਸਟਾਗ੍ਰਾਮ ਅਕਾਊਂਟ @ਤੇ ਇੱਕ ਤਸਵੀਰ ਸਾਂਝੀ ਕੀਤੀ ਹੈ। ਇਸ @ਚ ਉਹ ਰਿਵਾਇਤੀ ਪਹਿਰਾਵੇ @ਚ ਨਜ਼ਰ ਆ ਰਹੀ ਹੈ। ਤਸਵੀਰ @ਚ ਉਹ ਕੁਲ ਮਾਲਕ ਪ੍ਰਮਾਤਮਾ ਤੋਂ ਆਸ਼ੀਵਾਦ ਮੰਗਦੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਦੀ ਹੋਈ ਦਿਖਾਈ ਦੇ ਰਹੀ ਹੈ।

# ਰਿਹਾਈ ਦੇ ਬਾਵਜੂਦ @ਆਜ਼ਾਦ@ ਨਹੀਂ ਹੈ ਸ਼ਾਹਰੁਖ ਦਾ ਪੁੱਤਰ ਆਰੀਅਨ, ਰਹੇਗਾ ਇਨ੍ਹਾਂ ਪਾਬੰਦੀਆਂ ਦਾ ਪਹਿਰਾ


ਬਾਲੀਵੁੱਡ ਦੇ ਕਿੰਗ ਖ਼ਾਨ ਸ਼ਾਹਰੁਖ ਖ਼ਾਨ ਦੇ ਪੁੱਤਰ ਆਰੀਅਨ ਖ਼ਾਨ ਨੂੰ 28 ਦਿਨਾਂ ਬਾਅਦ ਅੱਜ ਜੇਲ੍ਹ ਤੋਂ ਰਿਹਾਅ ਕੀਤਾ ਗਿਆ। ਦੱਸ ਦਈਏ ਕਿ ਆਰੀਅਨ ਖ਼ਾਨ ਨੂੰ 2 ਅਕਤੂਬਰ ਦੀ ਛਾਪੇਮਾਰੀ ਤੋਂ ਬਾਅਦ ਲੰਬਾ ਸਮਾਂ ਜੇਲ੍ਹ @ਚ ਕੱਟਣਾ ਪਿਆ ਹੈ। ਹਾਲਾਂਕਿ ਆਰੀਅਨ ਖ਼ਾਨ ਲਈ ਇਹ ਸਭ ਸੌਖਾ ਨਹੀਂ ਸੀ।

ਦੱਸਿਆ ਜਾ ਰਿਹਾ ਹੈ ਕਿ ਆਰਥਰ ਰੋਡ ਜੇਲ੍ਹ ਦਾ ਘੰਟੀ ਬਾਕਸ ਸਵੇਰੇ 5.30 ਵਜੇ ਖੋਲ੍ਹਿਆ ਗਿਆ ਸੀ। ਆਰੀਅਨ ਦੀ ਰਿਹਾਈ @ਤੇ ਉਨ੍ਹਾਂ ਦੇ ਪਰਿਵਾਰ @ਚ ਖੁਸ਼ੀ ਦੀ ਲਹਿਰ ਹੈ। ਸ਼ਾਹਰੁਖ ਖ਼ਾਨ ਦੇ ਘਰ ਸ਼ੁੱਕਰਵਾਰ ਤੋਂ ਹੀ ਤਿਉਹਾਰ ਦਾ ਮਾਹੌਲ ਹੈ। ਆਰੀਅਨ ਦੇ ਘਰ ਮੰਨਤ ਦੇ ਬਾਹਰ ਪ੍ਰਸ਼ੰਸਕਾਂ ਦਾ ਵੱਡਾ ਇਕੱਠ ਹੋਇਆ ਸੀ। ਹਰ ਕੋਈ ਆਰੀਅਨ ਦੇ ਸਵਾਗਤ ਦਾ ਇੰਤਜ਼ਾਰ ਕਰ ਰਿਹਾ ਸੀ। ਇਸ ਦੌਰਾਨ ਇੱਕ ਸਾਧੂ ਬਾਬਾ ਵੀ ਮੰਨਤ ਦੇ ਬਾਹਰ ਖੜ੍ਹਾ ਨਜ਼ਰ ਆਇਆ ਸੀ। ਦੱਸਿਆ ਜਾ ਰਿਹਾ ਹੈ ਕਿ ਇਸ ਸਾਧੂ ਬਾਬੇ ਨੇ ਆਰੀਅਨ ਲਈ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ। ਦੱਸਣਯੋਗ ਹੈ ਕਿ ਬੇਸ਼ੱਕ ਆਰੀਅਨ ਨੂੰ ਜ਼ਮਾਨਤ ਮਿਲ ਗਈ ਹੈ ਪਰ ਅੱਗੇ ਦਾ ਰਸਤਾ ਹਾਲੇ ਵੀ ਆਸਾਨ ਨਹੀਂ ਹੈ ਕਿਉਂਕਿ ਆਰੀਅਨ ਨੂੰ ਸਿਰਫ ਜ਼ਮਾਨਤ ਮਿਲੀ ਹੈ ਕੇਸ ਤੋਂ ਛੁਟਕਾਰਾ ਨਹੀਂ।

# ਥੀਏਟਰ ਨੂੰ ਕ੍ਰਿਕਟ ਸਟੇਡੀਅਮ 'ਚ ਬਦਲ ਦੇਵੇਗੀ ਫ਼ਿਲਮ 83 !

ਅਦਾਕਾਰ ਤਾਹਿਰ ਰਾਜ ਭਸੀਨ ਦੀ ਫ਼ਿਲਮ @83@ ਦੀ ਰਿਲੀਜ਼ਿੰਗ ਤਾਰੀਖ਼ ਤੈਅ ਹੋ ਗਈ ਹੈ। ਕਬੀਰ ਖ਼ਾਨ ਦੇ ਡਾਇਰੈਕਸ਼ਨ ਵਿਚ ਬਣੀ ਇਸ ਫ਼ਿਲਮ @ਚ ਰਣਵੀਰ ਸਿੰਘ ਮੁੱਖ ਭੂਮਿਕਾ ਵਿਚ ਹਨ, ਜਿਸ ਦੀ ਰਿਲੀਜ਼ਿੰਗ ਡੇਟ 24 ਦਸੰਬਰ ਤੈਅ ਕੀਤੀ ਗਈ ਹੈ। ਇਹ ਕ੍ਰਿਸਮਸ ਅਤੇ ਨਵੇਂ ਸਾਲ ਦੇ ਜਸ਼ਨ ਦਾ ਵੱਡਾ ਮੌਕਾ ਹੁੰਦਾ ਹੈ। ਇਸ ਫ਼ਿਲਮ ਵਿਚ ਮਹਾਨ ਬੱਲੇਬਾਜ਼ ਸੁਨੀਲ ਗਾਵਸਕਰ ਦੀ ਭੂਮਿਕਾ ਨਿਭਾਉਣ ਵਾਲੇ ਤਾਹਿਰ ਕਹਿੰਦੇ ਹਨ, @@ਮੈਂ ਫ਼ਿਲਮ @83@ ਦੇ ਸਿਨੇਮਾਘਰਾਂ @ਚ ਆਉਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਹਾਂ।

ਹੁਣ ਫ਼ਿਲਮ @83@ ਦੇ ਪ੍ਰਚਾਰ ਦਾ



ਸਮਾਂ ਆ ਗਿਆ ਹੈ ਕਿਉਂਕਿ ਇਹ ਫ਼ਿਲਮ ਥੀਏਟਰ ਨੂੰ ਕ੍ਰਿਕਟ ਸਟੇਡੀਅਮ ਵਿਚ ਬਦਲ ਦੇਵੇਗੀ, ਜਿਸ ਤਰ੍ਹਾਂ ਅਸੀਂ ਸਟੇਡੀਅਮ ਵਿਚ ਭਾਰਤ ਦੀ ਜਿੱਤ ਲਈ ਅਰਦਾਸ ਅਤੇ ਦੁਆਵਾਂ ਕਰਦੇ ਹਾਂ, ਉਹੋ ਜਿਹਾ ਹੀ ਮਾਹੌਲ ਥੀਏਟਰਸ @ਚ ਵੀ ਨਜ਼ਰ ਆਵੇਗਾ।

ਇਹ ਫ਼ਿਲਮ ਭਾਰਤ ਦੀ 1983 ਦੇ ਵਿਸ਼ਵ ਕੱਪ ਦੀ ਜਿੱਤ @ਤੇ ਆਧਾਰਿਤ ਹੈ। ਭਾਰਤੀ ਕ੍ਰਿਕਟ ਟੀਮ ਦੀ ਪਹਿਲੀ ਵਰਲਡ ਕੱਪ ਜਿੱਤ @ਤੇ ਬਣੀ ਫ਼ਿਲਮ @83@ ਵਿਚ ਰਣਵੀਰ ਨੇ ਮੁੱਖ ਭੂਮਿਕਾ ਨਿਭਾਈ ਹੈ। ਫ਼ਿਲਮ ਵਿਚ ਰਣਵੀਰ ਵਿਸ਼ਵ ਕੱਪ ਜੇਤੂ ਕਪਤਾਨ ਕਪਿਲ ਦੇਵ ਦੇ ਕਿਰਦਾਰ ਵਿਚ ਨਜ਼ਰ ਆਉਣਗੇ।

## The ONLY temple in the world outside India dedicated to Shri Shani Maharaj


# Shri SHANI DEV Mandir, New York
# Sarvamangala Shri SANEESWARA Temple, New York


*Regular Poojas' and Homas' are conducted on daily basis:*

*Special Poojas:*

*+ Sri Saneeswara homam*
*+ Sri Saneeswara - parikara pooja*
*+ Sri Saneeswara harati*
*+ Sri Navagraha Homa*
*+ Poornima: vrata Pooja*
*+ Pradosham Pooja*
*+ Sri Sankatahara chaturthi Pooja*
*+ Sri Satyanarayana Vratha*
*+ Birthdays / Weddings / Upanayanam & More… … .*











**1616 Hillside Avenue, Temple Suits**
**New Hyde Park NY 11040**
**Ph: 718 740 9400 / 516 358 9400**
**Email: temple.navagraha@gmail.com**

**Temple Hours: 8.00 am to 9.00 pm**

***The Temple entrance is in the western side parking lot behind Hot Breads & Maharajas in New Hyde Park NY***

***Functions of the space:***

***Temple / Community Events / Senior Social Day Care Center / Art & Music School / Library / Spiritual Lounge / Gift Shop***

**www.NavagrahaUSA.com**